




ਰੋਜ਼ਾਨਾ

ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : lokbani08@gmail.com

31 ਜਨਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)








R.N.I. /Punpun/29016/2008/ ● ਸਾਲ : 15 ● ਅੰਕ : 33 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111



Ambulance Service 24hrs.

SHAHEED BABA NIHAL SINGH CHARITABLE HOSPITAL

Near Gurudwara Talhan, VPO-Talhan, Distt. Jalandhar, Ph. 0181-2770808

FACILITIES AVAILABLE

I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations

Free Medicine for 9am to 5pm


## ਪਾਕਿਸਤਾਨ ਵਿੱਚ ਬੰਬ ਧਮਾਕੇ ਦੌਰਾਨ 61 ਦੀ ਹੋਈ ਮੌਤ, 150 ਤੋਂ ਜ਼ਿਆਦਾ ਜ਼ਖ਼ਮੀ

ਇਸਲਾਮਾਬਾਦ/ਲੋਕ ਬਾਣੀ

ਪਾਕਿਸਤਾਨ ਵਿੱਚ ਇੱਕ ਵਾਰ ਫਿਰ ਵੱਡਾ ਧਮਾਕਾ ਹੋਇਆ ਹੈ । ਦਰਅਸਲ ਹੁਣ ਪਾਕਿਸਤਾਨ ਦੇ ਪੇਸ਼ਾਵਰ ਦੇ ਵਿੱਚ ਪੁਲਿਸ ਲਾਈਨ ਮਸਜਿਦ ਵਿੱਚ ਇੱਕ ਬਲਾਸਟ ਹੋਇਆ ਹੈ। ਪਾਕਿਸਤਾਨ ਦੇ ਮਸ਼ਹੂਰ ਅਖਬਾਰ ਡਾਨ ਦੇ ਮੁਤਾਬਕ ਇਹ ਧਮਾਕਾ ਪਾਕਿਸਤਾਨ ਦੇ ਪੇਸ਼ਾਵਰ ਦੇ ਪੁਲਿਸ ਲਾਈਨ ਇਲਾਕੇ ਵਿਖੇ ਇੱਕ ਮਸਜਿਦ ਦੇ ਵਿੱਚ ਨਮਾਜ਼ ਅਤਾ ਕਰਨ ਦੇ ਮੌਕੇ ਹੋਇਆ ਹੈ । ਮਿਲੀ ਜਾਣਕਾਰੀ ਦੇ ਮੁਤਾਬਕ ਜ਼ੁਹਰ ਦੀ ਨਮਾਜ਼ ਤੋਂ ਬਾਅਦ ਇੱਕ ਆਤਮਘਾਤੀ ਨੇ ਖੁਦ ਨੂੰ ਬਲਾਸਟ ਕਰ ਲਿਆ। ਇਸ ਧਮਾਕੇ ਦੌਰਾਨ 61 ਲੋਕਾਂ ਦੀ ਮੌਤ ਹੋ ਗਈ ਹੈ ਜਦਕਿ 150 ਲੋਕ ਜ਼ਖਮੀ ਹੋ ਗਏ ਹਨ। ਇਸ ਧਮਾਕੇ ਸਬੰਧੀ ਪਾਕਿਸਤਾਨ ਦੇ ਅਖਬਾਰ ਡਾਨ ਮੁਤਾਬਕ ਧਮਾਕਾ ਇਹ ਧਮਾਕਾ ਸੋਮਵਾਰ ਦੁਪਹਿਰ ਨੂੰ ਪੇਸ਼ਾਵਰ ਦੇ ਪੁਲਿਸ ਲਾਈਨ ਇਲਾਕੇ ਦੇ ਵਿੱਚ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਧਮਾਕਾ ਇੱਕ ਮਸਜਿਦ ਦੇ ਵਿੱਚ ਹੋਇਆ ਹੈ। ਇਸ ਬਲਾਸਟ ਦੇ ਦੌਰਾਨ ਘੱਟ ਤੋਂ ਘੱਟ 150 ਲੋਕ ਜ਼ਖਮੀ ਹੋ ਗਏ ਹਨ ਜਦਕਿ 61 ਲੋਕਾਂ ਦੀ ਮੌਤ ਹੋ ਗਈ ਹੈ ।





## ਮੋਗਾ ਜਿਲੇ ’ਚੋਂ ਹੈਂਡ ਗ੍ਰਨੇਡ ਤੇ ਕਾਰਤੂਸ ਮਿਲੇ



**ਮੋਗਾ (ਕਸ਼ਿਸ਼) :** ਮੋਗਾ ਦੇ ਕਸਬਾ ਧਰਮਕੋਟ ਦੇ ਪਿੰਡ ਪੰਡੋਰੀ ਵਿਚ ਬੀਤੀ ਸ਼ਾਮ ਉਸ ਸਮੇਂ ਦਹਿਸ਼ਤ ਫੈਲ ਗਈ ਜਦੋਂ ਖੁਦਾਈ ਕਰਦੇ ਸਮੇਂ ਦੋ ਹੈਂਡ ਗ੍ਰਨੇਡ ਅਤੇ 37 ਕਾਰਤੂਸ ਬਰਾਮਦ ਹੋਏ। ਇਸ ਦੌਰਾਨ ਤੁਰੰਤ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ ਅਤੇ ਪੁਲਸ ਦੇ ਉੱਚ ਅਧਿਕਾਰੀ ਵੱਡੀ ਗਿਣਤੀ ਵਿਚ ਪੁਲਸ ਫੋਰਸ ਨਾਲ ਮੌਕੇ ‘ਤੇ ਪਹੁੰਚ ਗਏ ਅਤੇ ਜਾਂਚ ਸ਼ੁਰੂ ਕਰ ਦਿੱਤੀ।

## ਲਾਈਵ ਪ੍ਰੋਗਰਾਮ ਵਿੱਚ ਗਾਇਕ ਕੈਲਾਸ਼ ਖੇਰ ਨੂੰ ਮਿਲੀ ਧਮਕੀ

ਕਰਨਾਟਕ/ਲੋਕ ਬਾਣੀ

ਪ੍ਰਸਿੱਧ ਗਾਇਕ ਕੈਲਾਸ਼ ਖੇਰ ‘ਤੇ ਕਰਨਾਟਕ ‘ਚ ਇਕ ਸਮਾਰੋਹ ਦੌਰਾਨ ਹਮਲਾ ਹੋਣ ਦੀ ਖਬਰ ਹੈ। ਜਾਣਕਾਰੀ ਮੁਤਾਬਕ ਕੰਸਰਟ ਦੌਰਾਨ ਗਾਇਕ ‘ਤੇ ਬੋਤਲ ਸੁੱਟੀ ਗਈ। ਇਸ ਦੌਰਾਨ ਮੌਕੇ ‘ਤੇ ਮੌਜੂਦ ਪੁਲਸ ਨੇ ਤੁਰੰਤ ਹਰਕਤ ‘ਚ ਆ ਕੇ ਖੇਰ ‘ਤੇ ਬੋਤਲ ਸੁੱਟਣ ਵਾਲੇ ਵਿਅਕਤੀ ਨੂੰ ਕਾਬੂ ਕਰ ਲਿਆ। ਹਮਲੇ ਤੋਂ ਬਾਅਦ ਗਾਇਕ ਕੈਲਾਸ਼ ਖੇਰ ਦੀ ਸਿਹਤ ਬਾਰੇ ਫਿਲਹਾਲ ਕੋਈ ਅਪਡੇਟ ਨਹੀਂ ਹੈ। ਦੱਸਿਆ ਜਾ ਰਿਹਾ ਹੈ ਕਿ ਐਤਵਾਰ ਨੂੰ ਕੈਲਾਸ਼ ਖੇਰ ਕਰਨਾਟਕ ਦੇ ਹੰਪੀ ‘ਚ ਆਯੋਜਿਤ ਕੰਸਰਟ ‘ਚ ਸ਼ਿਰਕਤ ਕਰਨ ਗਏ ਸਨ। ਗਾਇਕ ਕੈਲਾਸ਼ ਖੇਰ ਨੇ ਆਪਣੇ ਟਵਿੱਟਰ ਅਕਾਊਂਟ ‘ਤੇ ਹੰਪੀ ਜਾਣ ਦੀ ਜਾਣਕਾਰੀ ਦਿੱਤੀ ਸੀ। ਐਤਵਾਰ ਨੂੰ ਉਨਾਂ ਨੇ ਇੱਕ ਟਵੀਟ ਵਿੱਚ ਲਿਖਿਆ ਕਿ ਭਾਰਤ ਦੇ ਪ੍ਰਾਚੀਨ ਸ਼ਹਿਰ ਕਾਲ ਖੰਡ ਨੂੰ ਮੰਦਰਾਂ ਅਤੇ ਚੁਬਾਰਿਆਂ ਦੇ ਰੂਪ ਵਿੱਚ ਮਿਲਾਇਆ ਜਾ ਰਿਹਾ ਹੈ। ਹੰਪੀ ਮਹੋਤਸਵ ਵਿੱਚ ਅੱਜ ਕੈਲਾਸ਼ ਬੈਂਡ ਦਾ ਸ਼ਿਵਨਾਦ ਗੂੰਜੇਗਾ।



## ਵਿਦੇਸ਼ ਦੀ ਧਰਤੀ ਤੇ ਖਾਲਿਸਤਾਨੀ ਸਮੱਰਥਕ ਨੇ ਕੀਤਾ ਹੰਗਾਮਾ

**ਮੈਲਬੌਰਨ/ਲੋਕ ਬਾਣੀ**

ਆਸਟ੍ਰੇਲੀਆ ਵਿੱਚ ਇੱਕ ਵਾਰ ਫਿਰ ਖਾਲਿਸਤਾਨ ਸਮਰਥਕਾਂ ਦੀ ਗੁੰਡਾਗਰਦੀ ਦਾ ਮਾਮਲਾ ਸਾਹਮਣੇ ਆਇਆ ਹੈ। ਖਾਲਿਸਤਾਨੀਆਂ ਨੇ ਮੈਲਬੌਰਨ ‘ਚ ਰਾਸ਼ਟਰੀ ਝੰਡਾ ਲੈ ਕੇ ਜਾ ਰਹੇ ਭਾਰਤੀਆਂ ‘ਤੇ ਹਮਲਾ ਕੀਤਾ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਰਹੀ ਹੈ। ਦਿ ਆਸਟ੍ਰੇਲੀਆ ਟੂਡੇ ਮੁਤਾਬਕ ਇਸ ਹਮਲੇ ‘ਚ 5 ਲੋਕ ਜ਼ਖਮੀ ਵੀ ਹੋਏ ਹਨ, ਜਿਨਾਂ ਨੂੰ ਹਸਪਤਾਲ ‘ਚ ਭਰਤੀ ਕਰਵਾਇਆ ਗਿਆ ਹੈ।



## ਆਂਧਰਾ ਪ੍ਰਦੇਸ਼ ’ਚ ਕਰਾਈ ਗਈ ਜਹਾਜ਼ ਦੀ ਐਮਰਜੈਂਸੀ ਲੈਂਡਿੰਗ



**ਵਿਜੇਵਾੜਾ/ਲੋਕ ਬਾਣੀ**

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਮੋਹਨ ਰੈੱਡੀ ਨੂੰ ਲੈ ਕੇ ਜਾ ਰਹੀ ਇਕ ਵਿਸ਼ੇਸ਼ ਉਡਾਣ ਨੇ ਉਡਾਣ ਭਰਨ ਤੋਂ ਥੋੜੀ ਦੇਰ ਬਾਅਦ ਤਕਨੀਕੀ ਖਰਾਬੀ ਕਾਰਨ ਗੰਨਾਵਰਮ ਹਵਾਈ ਅੱਡੇ ‘ਤੇ ਐਮਰਜੈਂਸੀ ਲੈਂਡਿੰਗ ਕੀਤੀ। ਜਹਾਜ਼ ਸੁਰੱਖਿਅਤ ਉਤਰ ਗਿਆ। ਮੁੱਖ ਮੰਤਰੀ ਨੇ ਅੱਜ ਦਿੱਲੀ ਜਾਣਾ ਸੀ।

## ਪੰਜਾਬ ਪੁਲਿਸ ਨੇ ਫੜੇ 56 ਵਿਅਕਤੀ ਚਾਈਨਾ ਡੋਰ ਵਪਾਰੀ

**ਚੰਡੀਗੜ/ਵਿਨੋਦ ਸ਼ਰਮਾ**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੰਥੈਟਿਕ ਸਮੱਗਰੀ ਨਾਲ ਬਣੀ ਚਾਈਨਾ ਡੋਰ ਦੀ ਵਿਕਰੀ, ਭੰਡਾਰਨ ਅਤੇ ਖਰੀਦ ‘ਤੇ ਪਾਬੰਦੀ ਲਗਾਉਣ ਦੇ ਹੁਕਮਾਂ ਤੋਂ ਇੱਕ ਹਫ਼ਤੇ ਉਪਰੰਤ ਪੰਜਾਬ ਪੁਲਿਸ ਨੇ ਪਤੰਗ ਉਡਾਉਣ ਲਈ ਵਰਤੀ ਜਾਣ ਵਾਲੀ ਇਸ ਘਾਤਕ ਡੋਰ ਵਿਰੁੱਧ ਜਾਰੀ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ।



## 48 ਕਰੋੜ ਦੇ ਟੈਕਸ ਚੋਰੀ ਮਾਮਲੇ ’ਚ 4 ਕਾਬੂ

**ਜਲੰਧਰ/ਹਰਬੰਸ ਬਿੱਟੂ**



ਕਰ ਵਿਭਾਗ ਪੰਜਾਬ ਦੇ ਜੀ.ਐਸ.ਟੀ ਵਿੰਗ ਵੱਲੋਂ ਟੈਕਸ ਚੋਰੀ ਕਰਨ ਵਾਲਿਆਂ ਵਿਰੁੱਧ ਵੱਡੀ ਕਾਰਵਾਈ ਕਰਦੇ ਹੋਏ ਜਲੰਧਰ ਤੋਂ 48 ਕਰੋੜ ਰੁਪਏ ਦੀ ਜੀਐਸਟੀ ਧੋਖਾਧੜੀ ਦੇ ਸਬੰਧ ਵਿੱਚ 4 ਵਿਅਕਤੀਆਂ ਨੂੰ ਗਿ ?ਫ਼ਤਾਰ ਕੀਤਾ ਗਿਆ ਹੈ। ਇਹ ਵਿਅਕਤੀ ਕਥਿਤ ਤੌਰ ‘ਤੇ ਲੋਹੇ ਦੇ ਸਕਰੈਪ ਦਾ ਕਾਰੋਬਾਰ ਕਰਨ ਵਾਲੀਆਂ ਸ਼ੈੱਲ ਫਰਮਾਂ ਚਲਾ ਰਹੇ ਸਨ ਅਤੇ ਅਸਲ ਮਾਲ ਦੀ ਸਪਲਾਈ ਕੀਤੇ ਬਿਨਾਂ ਸਿਰਫ਼ ਇਨਵੌਇਸ ਜਾਰੀ ਕਰਕੇ ਇਨਪੁਟ ਟੈਕਸ ਕ੍ਰੈਡਿਟ (ਆਈ.ਟੀ.ਸੀ.) ਦਾ ਦਾਅਵਾ ਕਰਨ ਲਈ GST ਤੋਂ ਬਚ ਗਏ ਸਨ ਅਤੇ ਰਜਿਸਟਰੀਆਂ ਪ੍ਰਾਪਤ ਕੀਤੀਆਂ ਸਨ।


ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਕੈਲਸ, ਮਿਲਾਪ ਚੌਕ ਜਲੰਧਰ 99155-94111

# ਸੰਗਰੂਰ ਰੈਲੀ ਵਿਚ ਸ਼ਾਮਿਲ ਹੋਣਗੇ ਗੁਰਦਾਸਪੁਰ ਦੇ ਸੈਂਕੜੇ ਜੰਗਲਾਤ ਕਾਮੇਂ

## ਪਹਿਲੀ ਫਰਵਰੀ ਨੂੰ ਹੋਵੇਗਾ ਵਿਤ ਮੰਤਰੀ ਦੇ ਘਰ ਵੱਲ ਰੋਸ਼ ਮਾਰਚ



**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਸਰਕਾਰ ਵਲੋ ਜੰਗਲਾਤ ਵਿਭਾਗ ਵਿੱਚ ਕੰਮ ਕਰਦੇ ਵਰਕਰਾ ਨੂੰ ਹਾਲੇ ਤੱਕ ਰੈਗੂਲਰ ਕਰਨ ਵਲ ਕੋਈ ਧਿਆਨ ਨਹੀ ਦਿੱਤਾ ਜਾ ਰਿਹਾ ਨਾ ਹੀ ਜੰਗਲਾਤ ਵਿਭਾਗ ਵਿੱਚ ਕੰਮ ਕਰਦੇ ਵਰਕਰਾ ਨੂੰ ਤਨਖਾਹ ਮਹੀਨਾਵਾਰ ਦਿਤੀ ਜਾਦੀ ਹੈ। ਇਸ ਦੇ ਰੋਸ ਵਜੋ 01 ਫ਼ਰਵਰੀ ਨੂੰ ਸੰਗਰੂਰ ਵਿਸ਼ਾਲ ਰੈਲੀ ਕਰਕੇ ਵਿਤ ਮੰਤਰੀ ਪੰਜਾਬ ਦੇ ਘਰ ਵੱਲ ਰੋਸ਼ ਮਾਰਚ ਕੀਤਾ ਜਾਵੇਗਾ। ਇਸ ਦੀ ਤਿਆਰੀ ਲਈ ਨਿਰਮਲ ਸਿੰਘ ਸਰਵਾਲੀ ਦੀ ਪ੍ਰਧਾਨਗੀ ਹੇਠ ਹੋਈ ਤਿਆਰੀ ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਅਸ਼ਵਨੀ ਸ਼ਰਮਾ ਕਲਾਨੌਰ ਨੇ ਦੱਸਿਆ ਕਿ ਪਹਿਲੀ ਫਰਵਰੀ ਨੂੰ ਸੰਗਰੂਰ ਵਿਖੇ ਹੋ ਰਹੀ ਇਸ ਰੈਲੀ ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਜੰਗਲਾਤ ਵਰਕਰ ਵੱਡੀ ਗਿਣਤੀ ਵਿਚ ਭਾਗ ਲੈਣਗੇ। ਵਰਕਰਾਂ ਵਿੱਚ ਰੋਸ਼ ਹੈ ਕਿ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਚੋਣ ਵਾਅਦੇ ਨਾਲ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਸਿਰਫ ਝੂਠੇ ਪ੍ਰਚਾਰ ਤੇ ਉਤਰ ਆਈ ਹੈ ਮੁੱਖ ਮੰਤਰੀ ਪੰਜਾਬ ਵਲੋਂ ਸੜਕਾਂ ਤੇ ਕਰੋੜਾਂ ਰੁਪਏ ਦੇ ਵੱਡੇ ਵੱਡੇ ਇਸ਼ਤਿਹਾਰ ਹੋਰਡਿੰਗਾਂ ਰਾਹੀਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਝੂਠਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ । ਵੱਖ ਵੱਖ ਮੀਟਿੰਗਾਂ ਵਿੱਚ ਜੰਗਲਾਤ ਮੰਤਰੀ ਵੱਲੋਂ ਵੀਹ ਵੀਹ ਸਾਲ ਤੋਂ ਪੱਕਾ ਹੋਣ ਦੀ ਉਡੀਕ ਕਰ ਰਹੇ ਕਾਮਿਆਂ ਨੂੰ ਪੱਕੇ ਕਰਨ ਦਾ ਭਰੋਸਾ ਦਿੱਤਾ ਜਾਂਦਾ ਹੈ। ਪਰ ਲੰਮੀ ਉਡੀਕ ਤੋਂ ਬਾਅਦ ਉਮਰ ਅੰਦਾਜ਼ ਵਰਕਰ ਓਵਰ ਏਜ ਹੋ ਕੇ ਰਿਟਾਇਰ ਹੋ ਰਹੇ ਹਨ। ਵਰਕਰਾਂ ਨੂੰ ਰੋਸ ਹੈ ਕਿ ਉਨ੍ਹਾਂ ਨੂੰ ਕਈ ਕਈ ਮਹੀਨੇ ਤਨਖਾਹਾਂ ਤੋਂ ਵਾਂਝਿਆਂ ਰਹਿ ਕੇ ਭੁੱਖ ਮਰੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਵਰਕਰਾਂ ਦੇ ਬੱਚੇ ਪੜ੍ਹਾਈ ਤੋਂ ਵਿਰਵੇ ਹੋ ਰਹੇ ਹਨ ਕਿਉਂਕਿ ਜੰਗਲਾਤ ਕਾਮੇ ਸਮੇਂ ਸਿਰ ਫੀਸਾਂ ਦੀ ਅਦਾਇਗੀ ਨਹੀਂ ਕਰ ਸਕਦੇ। ਜੰਗਲਾਤ ਕਾਮਿਆਂ ਦੀ ਸੀਨੀਆਰਤਾ ਸੂਚੀ ਵਿੱਚ ਅਜੇ ਤੱਕ ਵੀ ਭਾਰੀ ਤਰੁਟੀਆਂ ਹਨ ਜਿਸ ਨੂੰ ਦੂਰ ਨਹੀਂ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ਵਨੀ ਕੁਮਾਰ ਕਸ਼ਮੀਰ ਸਿੰਘ ਰਤਨ ਸਿੰਘ ਰਣਧੀਰ ਸਿੰਘ ਬਲਕਾਰ ਸਿੰਘ ਬਲਬੀਰ ਸਿੰਘ ਕਾਦੀਆਂ ਹਰਦੇਵ ਸਿੰਘ ਜਸਵੀਰ ਸਿੰਘ ਸਵਰਨ ਸਿੰਘ ਹਾਜ਼ਰ ਸਨ।

# ਪਿੰਡ ਠੇਠਰਕੇ ਵਿਖੇ ਅੱਜ ਲੱਗੇਗਾ ਮਿਸ਼ਨ 'ਅਬਾਦ' ਤਹਿਤ ਵਿਸ਼ੇਸ਼ ਕੈਂਪ

## ਕੈਂਪ ਦੌਰਾਨ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦੇਣ ਦੇ ਨਾਲ ਉਨਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ

### ਠੇਠਰਕੇ ਅਤੇ ਨਜ਼ਦੀਕੀ ਸਰਹੱਦੀ ਪਿੰਡਾਂ ਦੇ ਵਸਨੀਕ ਅਬਾਦ ਕੈਂਪ ਵਿੱਚ ਪਹੁੰਚ ਕੇ ਲਾਭ ਉਠਾਉਣ : ਡਿਪਟੀ ਕਮਿਸ਼ਨਰ



ਗੁਰਦਾਸਪੁਰ-ਨਵਨੀਤ ਕੁਮਾਰ

ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਸਰਹੱਦੀ ਖੇਤਰ ਦੇ ਵਿਕਾਸ ਲਈ ਚਲਾਏ ਜਾ ਰਹੇ ਮਿਸ਼ਨ 'ਅਬਾਦ' (ਐਬਸੀਲਿਊਟ ਬਾਰਡਰ ਏਰੀਆ ਡਿਵੈਲਪਮੈਂਟ) ਤਹਿਤ ਬਲਾਕ ਡੇਰਾ ਬਾਬਾ ਨਾਨਕ ਦੇ ਸਰਹੱਦੀ ਪਿੰਡ ਠੇਠਰਕੇ ਦੇ ਸਰਕਾਰੀ ਸਕੂਲ ਵਿਖੇ ਮਿਤੀ 31 ਜਨਵਰੀ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਠੇਠਰਕੇ ਤੋਂ ਇਲਾਵਾ ਸਰਹੱਦੀ ਪਿੰਡ ਸਾਧਾਂਵਾਲੀ, ਪੱਖੋਕੇ, ਠੇਠਰਕੇ, ਪੁਰਾਣਾਵਾਲਾ, ਸ਼ਾਹਪੁਰ ਗੁਰਾਇਆ, ਖਾਸਾਂਵਾਲਾ ਅਤੇ ਕਾਹਲਾਂਵਾਲੀ ਦੇ ਵਸਨੀਕ ਵੀ ਭਾਗ ਲੈਣਗੇ। ਇਸ ਕੈਂਪ ਦੌਰਾਨ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦੇਣ ਦੇ ਨਾਲ ਉਨਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ ਅਤੇ ਮੌਕੇ 'ਤੇ ਹਾਜ਼ਰ ਅਧਿਕਾਰੀਆਂ ਵੱਲੋਂ ਉਨਾਂ ਦਾ ਹੱਲ ਕੱਢਿਆ ਜਾਵੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਠੇਠਰਕੇ ਵਿਖੇ ਮਿਸ਼ਨ 'ਅਬਾਦ' ਤਹਿਤ ਲੱਗਣ ਵਾਲੇ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾ ਕੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਭਲਾਈ ਸਕੀਮਾਂ ਦੀ ਜਾਣਕਾਰੀ ਤੇ ਲਾਭ ਲੋਕਾਂ ਨੂੰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸਰਹੱਦੀ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣ ਕੇ ਉਨਾਂ ਦਾ ਹੱਲ ਕੀਤਾ ਜਾਵੇਗਾ। ਕੈਂਪ ਦੌਰਾਨ ਮਿਲਟਰੀ/ ਪੈਰਾ ਮਿਲਟਰੀ/ ਪੁਲਿਸ ਅਧਿਕਾਰੀਆਂ ਵੱਲੋਂ ਫ਼ੌਜ/ ਪੁਲਿਸ ਵਿੱਚ ਭਰਤੀ ਸਬੰਧੀ ਸਰਹੱਦੀ ਖੇਤਰ ਦੇ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਠੇਠਰਕੇ ਅਤੇ ਇਸਦੇ ਨਾਲ ਲੱਗਦੇ ਸਰਹੱਦੀ ਪਿੰਡਾਂ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਵਿੱਚ ਪਹੁੰਚ ਕੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਉਠਾਉਣ।

# ਸਿਹਤ ਵਿਭਾਗ ਨੇ ਰਾਸ਼ਟਰੀ ਕੁਸ਼ਟ ਨਿਵਾਰਨ ਦਿਵਸ ਮਨਾਇਆ



**ਗੁਰਦਾਸਪੁਰ/ਨਵਨੀਤ ਕੁਮਾਰ**

ਸਿਵਲ ਸਰਜਨ ਗੁਰਦਾਸਪੁਰ ਡਾ. ਕੁਲਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਰਾਸ਼ਟਰੀ ਕੁਸ਼ਟ ਨਿਵਾਰਨ ਦਿਵਸ ਮਨਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਡਾ. ਚੇਤਨਾ ਇੰਚਾਰਜ ਸਿਵਲ ਹਸਪਤਾਲ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਹੋਏ ਇਸ ਰਾਸ਼ਟਰੀ ਕੁਸ਼ਟ ਨਿਵਾਰਨ ਦਿਵਸ ਦੇ ਸਬੰਧ ਵਿੱਚ ਸਹੁੰ ਚੁੱਕੀ ਗਈ। ਡਾ. ਚੇਤਨਾ ਨੇ ਕਿਹਾ ਕਿ ਅੱਜ ਰਾਸਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ 'ਤੇ ਪ੍ਰਣ ਕਰਦੇ ਹਾਂ ਕਿ ਅਸੀਂ ਕੁਸ਼ਟ ਰੋਗ ਦੇ ਲੱਛਣ ਵਾਲੇ ਵਿਅਕਤੀ ਨੂੰ ਨਜਦੀਕੀ ਸਿਹਤ ਕੇਂਦਰ ਵਿੱਚ ਜਾਣ ਲਈ ਪ੍ਰੇਰਿਤ ਕਰਾਂਗੇ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਵਿੱਚ ਕੁਸ਼ਟ ਰੋਗ ਦਾ ਇਲਾਜ ਬਿਲਕੁਲ ਮੁਫ਼ਤ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕੁਸ਼ਟ ਦਾ ਰੋਗੀ ਹੈ ਤਾਂ ਉਸ ਨਾਲ ਬੈਠਣ, ਖਾਣ ਪੀਣ, ਘੁੰਮਣ, ਫਿਰਨ ਤੇ ਕਿਸੇ ਤਰਾਂ ਦਾ ਕੋਈ ਭੇਦ-ਭਾਵ ਨਹੀ ਕਰਨਾਂ ਚਾਹੀਦਾ। ਚਮੜੀ ਰੋਗਾਂ ਦੇ ਮਾਹਿਰ ਡਾ. ਵਰਿੰਦਰ ਕੌਰ ਨੇ ਦੱਸਿਆ ਕਿ ਕੁਸ਼ਟ ਰੋਗੀ ਦਾ ਨਾਲ ਸਮਾਜਿਕ ਭੇਦ-ਭਾਵ ਬਿਲਕੁਲ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਕੁਸ਼ਟ ਰੋਗ ਮੁਕਤ ਭਾਰਤ ਲਈ ਸਿਹਤ ਵਿਭਾਗ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਦੀ ਚਮੜੀ ਦੇ ਉਪਰ ਤਾਬੇ ਰੰਗ ਦਾ ਦਾਗ ਹੋਵੇ ਤਾਂ ਉਸਨੂੰ ਨਜਦੀਕ ਦੇ ਸਿਹਤ ਕੇਂਦਰ ਵਿੱਚ ਜਰੂਰ ਨਿਰੀਖਣ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਸਿਵਲ ਹਸਪਤਾਲ ਗੁਰਦਾਸਪੁਰ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

# ਗੁਰਦਾਸਪੁਰ ਦੇ ਅਗਰਵਾਲ ਹਸਪਤਾਲ ’ਚ ਇਲਾਜ ਦੌਰਾਨ ਦੋ ਸਾਲ ਦੇ ਬੱਚੇ ਦੀ ਮੌਤ

## ਪਰਿਵਾਰ ਦਾ ਦੋਸ਼, ਅਣਟਰੇਂਡ ਨਰਸ ਨੇ ਲਗਾਇਆ .ਗਲਤ ਟੀਕਾ



**ਗੁਰਦਾਸਪੁਰ/ਨਵਨੀਤ ਕੁਮਾਰ**

ਗੁਰਦਾਸਪੁਰ ਸ਼ਹਿਰ ਦੇ ਰੇਲਵੇ ਰੋਡ ਤੇ ਸਥਿਤ ਅਗਰਵਾਲ ਹਸਪਤਾਲ ਵਿਚ ਇਲਾਜ ਦੌਰਾਨ ਇੱਕ ਦੋ ਸਾਲ ਦੇ ਮਾਸੂਮ ਬੱਚੇ ਦੀ ਮੌਤ ਹੋ ਗਈ। ਉਥੇ ਹੀ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਹੈ ਕਿ ਬੱਚੇ ਦੀ ਮੌਤ ਹਸਪਤਾਲ ਵੱਲੋਂ ਰੱਖੇ ਗਏ ਅਣਟ ?ਰੇਂਡ ਸਟਾਫ ਕਾਰਨ ਹੋਈ ਹੈ। ਪਰਿਵਾਰ ਨੇ ਆਰੋਪ ਲਗਾਇਆ ਕਿ ਬੱਚਾ ਇਕ ਦਮ ਠੀਕਠਾਕ ਸੀ ਅਤੇ ਉਸ ਨੇ ਮੌਤ ਤੋਂ ਕੁਝ ਟਾਈਮ ਪਹਿਲਾਂ ਆਰਾਮ ਨਾਲ ਰੋਟੀ ਵੀ ਖਾਧੀ ਸੀ।ਇੱਕ ਨਰਸ ਉਸ ਦੇ ਇੰਜੇਕਸਨ ਲਗਾਉਣ ਲਈ ਆਈ। ਅਜੇ ਇੰਜੈਕਸ਼ਨ ਅੱਧਾ ਵੀ ਨਹੀਂ ਸੀ ਲੱਗਿਆ ਤੇ ਬੱਚੇ ਨੇ ਅਖਾਂ ਪਰਤ ਲਈਆਂ ਅਤੇ ਉਸ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਆਰੋਪ ਲਗਾਇਆ ਹੈ ਕਿ ਹਸਪਤਾਲ ਵਲੋਂ ਅਨਟਰੇਂਡ ਨਰਸ ਵੱਲੋਂ ਗਲਤ ਤਰੀਕੇ ਨਾਲ ਇੰਜੈਕਸ਼ਨ ਲਗਾਉਣ ਕਾਰਨ ਬੱਚੇ ਦੀ ਮੌਤ ਹੋਈ ਹੈ ਮੌਕੇ ਤੇ ਪਹੁੰਚੇ

ਥਾਣਾ ਸਿਟੀ ਗੁਰਦਾਸਪੁਰ ਦੇ ਐਸ ਐਚ ਓ ਗੁਰਮੀਤ ਸਿੰਘ ਨੇ ਬੱਚੇ ਦੇ ਇਲਾਜ ਨਾਲ ਸੰਬਧਤ ਫਾਈਲ ਆਪਣੇ ਕਬਜ਼ੇ ਵਿਚ ਲੈ ਲਈ ਹੈ ਅਤੇ ਬੱਚੇ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

ਜਾਣਕਾਰੀ ਦਿੰਦਿਆ ਬੱਚੇ ਦੇ ਪਰਿਵਾਰਕ ਮੈਂਬਰਾਂ ਦਾਦੀ ਪਲਵਿੰਦਰ ਕੌਰ ਅਤੇ ਤਾਏ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਪਿੰਡ ਰਾਮਨਗਰ ਭੂਣ ਦੇ ਰਹਿਣ ਵਾਲੇ ਹਨ ਅਤੇ ਉਹਨਾਂ ਨੇ ਆਪਣੇ ਦੋ ਸਾਲ ਦੇ ਬੱਚੇ ਪਵਨਜੋਤ ਪੁੱਤਰ ਵਿਕਰਮਜੀਤ ਸਿੰਘ ਨੂੰ ਬੁੱਧਵਾਰ ਸਵੇਰੇ ਛਾਤੀ ਵਿਚ ਇਨਫੈਕਸ਼ਨ ਦੀ ਸ਼ਿਕਾਇਤ ਹੋਣ ਤੇ ਅਗਰਵਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਸੀ। ਇਸ ਦੌਰਾਨ ਬੱਚਾ ਲਗਭਗ ਠੀਕ ਹੋ ਗਿਆ ਸੀ ਅਤੇ ਉਹ ਡਾਕਟਰ ਨੂੰ ਛੁੱਟੀ ਦੇਣ ਲਈ ਕਹਿ ਰਹੇ ਸਨ ਪਰ ਡਾਕਟਰ ਦੇ ਕਹਿਣ ਤੇ ਇੱਕ ਦਿਨ ਹੋਰ ਰੁਕ ਗਏ। ਅੱਜ ਦੁਪਹਿਰ ਬੱਚੇ ਨੇ ਰੋਟੀ ਖਾਧੀ ਅਤੇ ਉਸ ਤੋਂ ਬਾਅਦ ਚੰਗਾ ਭਲਾ ਖੇਡ ਰਿਹਾ ਸੀ ਪਰ ਇੱਕ ਨਰਸ ਉਸ ਨੂੰ ਲੱਗੀ ਡਰਿਪ ਵਿੱਚ ਜਦੋਂ ਇੰਜੈਕਸ਼ਨ ਲਗਾਉਣ ਆਈ ਤਾਂ ਅੱਧਾ ਇੰਜੈਕਸ਼ਨ ਵੀ ਨਹੀਂ ਸੀ ਲੱਗਿਆ ਕਿ ਬੱਚੇ ਨੇ ਅੱਖਾਂ ਪਰਤ ਲਈਆਂ ਅਤੇ ਤੁਰੰਤ ਹੀ ਉਸਦੀ ਮੌਤ ਹੋ ਗਈ। ਨਰਸ ਅੱਧਾ ਇੰਜੈਕਸ਼ਨ ਲਗਾ ਕੇ ਹੀ ਬਾਹਰ ਭੱਜ ਗਈ। ਉਨ੍ਹਾਂ ਕਿਹਾ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਡਾਕਟਰ ਇਕ ਵਾਰ ਵੀ ਬੱਚੇ ਨੂੰ ਦੇਖਣ ਨਹੀਂ ਆਇਆ। ਉਨ੍ਹਾਂ ਦੋਸ਼ ਲਗਾਇਆ ਕਿ ਗਲਤ ਤਰੀਕੇ ਨਾਲ ਇੰਜੇਕਸ਼ਨ ਲਗਾਉਣ ਨਾਲ ਇਹ ਬੱਚੇ ਦੀ ਮੌਤ ਹੋਈ ਹੈ। ਜਦੋਂ ਇਸ ਸਬੰਧ ਵਿੱਚ ਅਗਰਵਾਲ ਹਸਪਤਾਲ ਦੇ ਮਾਲਕ ਡਾਕਟਰ ਅਮਿੱਤ ਅਗਰਵਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬੱਚਾ ਛਾਤੀ ਦੀ ਇਨਫੈਕਸ਼ਨ ਦੇ ਚਲਦਿਆਂ ਉਨ੍ਹਾਂ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਟੈਸਟ ਕਰਨ ਤੋਂ ਬਾਅਦ ਬੱਚੇ ਨੂੰ ਨਿਮੋਨੀਆ ਵੀ ਪਾਇਆ ਗਿਆ ਸੀ।ਇਲਾਜ ਤੋਂ ਬਾਅਦ ਬੱਚਾ ਠੀਕ ਹੋਣ ਲੱਗ ਪਿਆ ਸੀ ਇਸ ਲਈ ਉਸ ਨੂੰ ਆਈਸੀਯੂ ਵਿਚੋਂ ਵਾਰਡ ਵਿਚ ਸ਼ਿਫਟ ਕਰ ਦਿੱਤਾ ਗਿਆ ਸੀ ਪਰ ਅਚਾਨਕ ਅੱਜ ਉਸ ਦਾ ਸਾਹ ਰੁਕਣਾ ਸ਼ੁਰੂ ਹੋ ਗਿਆ ਅਤੇ ਉਸ ਦਾ ਹਾਰਟ ਫੇਲ ਹੋ ਗਿਆ। ਉਨ੍ਹਾਂ ਪਰਿਵਾਰ ਦੇ ਆਰੋਪਾਂ ਨੂੰ ? ਨਕਾਰਦੇ ਹੋਏ ਕਿਹਾ ਕਿ ਉਹ ਮੌਕੇ ਤੇ ਬੱਚੇ ਨੂੰ ਵੇਖਣ ਲਈ ਪੁੱਜੇ ਸੀ ਅਤੇ ਬੱਚੇ ਨੂੰ ਬਚਾਉਣ ਦੀ ਕੋਸ਼ਿਸ਼ ਵੀ ਕੀਤੀ ਸੀ।ਉਨ੍ਹਾਂ ਨਰਸ ਵੱਲੋਂ ਗਲਤ ਤਰੀਕੇ ਨਾਲ ਟੀਕੇ ਲਗਵਾਉਣ ਦੇ ਦੋਸ਼ਾਂ ਨੂੰ ਵੀ ਸਿਰੇ ਤੋਂ ਨਕਾਰ ਦਿੱਤਾ । ਉੱਥੇ ਮੌਕੇ ਤੇ ਪਹੁੰਚੇ ਥਾਣਾ ਸਿਟੀ ਗੁਰਦਾਸਪੁਰ ਦੇ ਐਸਐਚਓ ਗੁਰਮੀਤ ਸਿੰਘ ਨੇ ਦੱਸਿਆ ਕਿ ਬੱਚੇ ਦੇ ਇਲਾਜ ਨਾਲ ਸਬੰਧਤ ਫਾਈਲਾਂ ਕਬਜੇ ਵਿੱਚ ਲੈ ਲਈਆਂ ਗਈਆਂ ਹਨ ਅਤੇ ਬੱਚੇ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿੱਚ ਭੇਜ ਦਿੱਤਾ ਗਿਆ ਹੈ। ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਅਤੇ ਪੋਸਟਮਾਰਟਮ ਦੀ ਰਿਪੋਰਟ ਦੇ ਅਧਾਰ ਤੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

# ਪੰਜਾਬ ਪੁਲਿਸ ਨੇ ਇਕ ਹਫ਼ਤੇ ‘ਚ ਚਾਈਨਾ ਡੋਰ ਦੇ 1503 ਬੰਡਲ ਜ਼ਬਤ ਕਰਕੇ 56 ਲੋਕਾਂ ਨੂੰ ਕੀਤਾ ਗ੍ਰਿਫ਼ਤਾਰ



**ਚੰਡੀਗੜ੍ਹ/ਵਿਨੋਦ ਸ਼ਰਮਾ**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੰਥੈਟਿਕ ਸਮੱਗਰੀ ਨਾਲ ਬਣੀ ਚਾਈਨਾ ਡੋਰ ਦੀ ਵਿਕਰੀ, ਭੰਡਾਰਣ ਅਤੇ ਖਰੀਦ ‘ਤੇ ਪਾਬੰਦੀ ਲਗਾਉਣ ਦੇ ਹੁਕਮਾਂ ਤੋਂ ਇੱਕ ਹਫ਼ਤੇ ਉਪਰੰਤ ਪੰਜਾਬ ਪੁਲਿਸ ਨੇ ਪਤੰਗ ਉਡਾਉਣ ਲਈ ਵਰਤੀ ਜਾਣ ਵਾਲੀ ਇਸ ਘਾਤਕ ਡੋਰ ਵਿਰੁੱਧ ਜਾਰੀ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ।

ਚਾਈਨਾ ਡੋਰ ਵੇਚਣ ਵਾਲਿਆਂ ਵਿਰੁੱਧ ਕੀਤੀ ਕਾਰਵਾਈ ਬਾਰੇ ਹਫ਼ਤਾਵਾਰੀ ਵੇਰਵੇ ਸਾਂਝੇ ਕਰਦਿਆਂ ਆਈ.ਜੀ.ਪੀ. ਨੇ ਦੱਸਿਆ ਕਿ ਪੰਜਾਬ ਪੁਲਿਸ ਨੇ 50 ਐਫ.ਆਈ.ਆਰਜ਼. ਦਰਜ ਕਰਕੇ ਚਾਈਨਾ ਡੋਰ ਦੇ 1502 ਬੰਡਲ ਜਬਤ ਕੀਤੇ ਅਤੇ ਇਸ ਡੋਰ ਨੂੰ ਵੇਚਣ ਵਿੱਚ ਸ਼ਾਮਲ 56 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਚਾਈਨਾ ਡੋਰ ਵਿਰੁੱਧ ਮੁਹਿੰਮ ਸ਼ੁਰੂ ਕਰਨ ਉਪਰੰਤ ਪੰਜਾਬ ਪੁਲਿਸ ਨੇ 19 ਦਸੰਬਰ, 2022 ਤੋਂ ਹੁਣ ਤੱਕ 284 ਐਫਆਈਆਰਜ਼ ਦਰਜ ਕਰਕੇ ਚਾਈਨਾ ਡੋਰ ਦੇ ਕੁੱਲ 12866 ਬੰਡਲ ਜ਼ਬਤ ਕੀਤੇ ਅਤੇ 311 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਚਾਈਨਾ ਡੋਰ ਨੂੰ ਖਰੀਦਣ/ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰੇਗੀ। ਜ਼ਿਕਰਯੋਗ ਹੈ ਕਿ ਸੂਬੇ ਦੇ ਸਾਰੇ ਐਸਐਚਓਜ਼ ਨੂੰ ਛਾਪੇਮਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਕਿ ਤਾਂ ਜੋ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਕੋਈ ਵੀ ਚਾਈਨਾ ਡੋਰ ਨਾ ਵੇਚ ਸਕੇ।

# ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਦਿੱਤੀ ਗਈ ਸ਼ਰਧਾਂਜਲੀ



**ਸਹੀਦ ਭਗਤ ਸਿੰਘ ਨਗਰ /ਲੋਕ ਬਾਣੀ**

ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ ਆਪਣੀ ਜਾਨਾਂ ਵਾਰਨ ਵਾਲੇ ਸੁਤੰਤਰਤਾ ਸੰਗਰਾਮੀਆਂ ਨੂੰ ਅੱਜ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਦੱਸਿਆ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਬਰਸੀ ਨੂੰ ਸਮਰਪਿਤ ਇਸ ਦਿਵਸ ’ਤੇ ਹਰ ਉਸ ਆਜ਼ਾਦੀ ਘੁਲਾਟੀਏ ਦੀ ਯਾਦ ’ਚ ਮੌਨ ਧਾਰਿਆ ਜਾਂਦਾ ਹੈ, ਜਿਸ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ’ਚ ਆਪਣਾ ਬਲੀਦਾਨ ਦਿੱਤਾ।ਉਨ੍ਹਾਂ ਕਿਹਾ ਕਿ ਸਮੁੱਚਾ ਰਾਸ਼ਟਰ ਅਤੇ ਭਾਰਤੀ ਆਪਣੇ ਉਨ੍ਹਾਂ ਮਹਾਨ ਆਜ਼ਾਦੀ ਘੁਲਾਟੀਆਂ ਦੇ ਹਮੇਸ਼ਾਂ ਰਿਣੀ ਰਹਿਣਗੇ, ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਕੇ ਦੇਸ਼ ਨੂੰ ਗੁਲਾਮੀ ਦੇ ਜੂਲੇ ’ਚੋਂ ਬਾਹਰ ਕੱਢ ਕੇ, ਭਾਰਤੀਆਂ ਨੂੰ ਗੌਰਵਸ਼ਾਲੀ ਜ਼ਿੰਦਗੀ ਜਿਊਣ ਦਾ ਅਵਸਰ ਮੁਹੱਈਆ ਕਰਵਾਇਆ।ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਦਿਨ ਸਾਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਅਤੇ ਦੇਸ਼ ਦੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਰੱਖਣ ਅਤੇ ਆਪਣੇ ਦਿਲਾਂ ’ਚ ਉਨ੍ਹਾਂ ਪ੍ਰਤੀ ਸਨਮਾਨ ਰੱਖਣ ਦੀ ਪ੍ਰੇਰਨਾ ਦਿੰਦਾ ਹੈ।ਇਸ ਮੌਕੇ ਮੁੱਖ ਮੰਤਰੀ ਦੇ ਫ਼ੀਲਡ ਅਫ਼ਸਰ ਅਤੇ ਸਹਾਇਕ ਕਮਿਸ਼ਨਰ (ਜ) ਡਾ. ਗੁਰਲੀਨ ਸਿੱਧੂ ਅਤੇ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇੱਕ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ



**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ**

ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪਾਵਨ ਪ੍ਰਗਟ ਦਿਵਸ ਮੌਕੇ ਗੁਰੂਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇੱਕ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ

ਇਸ ਮੌਕੇ ਡਿਪਟੀ ਮੇਅਰ ਪਤੀ ਜਰਨੈਲ ਸਿੰਘ ਸ਼ਿਮਲਾਪੁਰੀ ਵਾਇਸ ਪ੍ਰਧਾਨ ਜਿਲਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਵਲੋਂ ਸੰਗਤਾਂ ਦੀ ਸੇਵਾ ਕਰਦੇ ਹੋਏ ਦੱਸਿਆ ਗਿਆ ਕਿ ਨਗਰ ਕੀਰਤਨ ਵਿੱਚ ਸ਼ਾਮਲ ਹੋਈਆਂ ਸੰਗਤਾਂ ਦਾ ਵਿਸ਼ਾਲ ਇੱਕਠ, ਸਕੂਲੀ ਵਿਦਿਆਰਥੀਆਂ ਦਾ ਪੈਦਲ ਮਾਰਚ, ਬੈਂਡ ਵਾਲਿਆਂ ਦਾ ਪ੍ਰਦਰਸ਼ਨ, ਨਿਹੰਗ ਸਿੰਘਾਂ ਵਲੋਂ ਗੱਤਕਾ ਪ੍ਰਦਰਸ਼ਨ ਅਤੇ ਸੰਗਤਾਂ ਵਲੋਂ ਲੜੀਬੱਧ ਕੀਰਤਨ ਪ੍ਰਵਾਹ ਵਿਸ਼ਾਲ ਨਗਰ ਕੀਰਤਨ ਦੀ ਸ਼ੋਭਾ ਨੂੰ ਚਾਰ ਚੰਨ ਲਾ ਰਿਹਾ ਸੀ ਟਰੈਕਟਰ ਟਰਾਲੀਆਂ, ਕਾਰਾ,ਟੈਪੂਆਂ ਤੇ ਸਵਾਰ ਅਤੇ ਪੈਦਲ ਸੰਗਤ ਸਤਿਗੁਰੂ ਦੀ ਉਸਤਤਿ ਦੇ ਗੁਣਗਾਨ ਕਰ ਰਹੀ ਸੀ ਉਨਾ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਜੋਈ ਕਰਦੇ ਹਨ ਕਿ ਦੇਸ਼ ਵਿੱਚ ਸਦਭਾਵਨਾ ਆਪਸੀ ਭਾਈਚਾਰਾ ਅਤੇ ਅਮਨ ਸ਼ਾਂਤੀ ਕਾਇਮ ਰਹੇ ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਵਾਰਡ ਪ੍ਰਧਾਨ ਸ੍ਰੀ ਰਾਮ ਲਾਲ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸੰਗਤਾਂ ਦੇ ਸਹਿਯੋਗ ਸਦਕਾ ਇਸ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਬੜੇ ਸ਼ਰਧਾ ਅਤੇ ਉਤਸ਼ਾਹ ਨਾਲ ਨਾਲ ਕੀਤਾ ਹੈ ਸੰਗਤਾਂ ਦੀ ਸੇਵਾ ਵਿੱਚ ਸ ਸਰੂਪ ਸਿੰਘ ਜੀ ਗਰੀਨਵੁਡ ਵਾਲਿਆਂ ਵਲੋਂ ਲੰਗਰ ਦੀ ਸੇਵਾ ਬਹੁਤ ਸ਼ਰਧਾ ਨਾਲ ਕੀਤੀ ਅਤੇ ਫੁਲ ਵਰਖਾ ਕੀਤੀ ਗਈ ਅਤੇ ਕਈ ਥਾਵਾਂ ਤੇ ਸਰਧਾਲੂਆਂ ਵਲੋਂ ਵੱਖੋ ਵੱਖ ਤਰ੍ਹਾਂ ਦੇ ਪਕਵਾਨਾਂ ਦੇ ਲੰਗਰਾਂ ਦੀ ਸੇਵਾ ਨਿਭਾਈ ਗਈ ਗੁਰੂਦੁਆਰਾ ਸਾਹਿਬ ਦੀ ਨੋਜਵਾਨ ਸਭਾ ਵਲੋਂ ਬਹੁਤ ਨਿਮਰਤਾ ਅਤੇ ਸ਼ਰਧਾ ਨਾਲ ਸੇਵਾ ਨਿਭਾਈ ਗਈ ਉਨਾ ਦੱਸਿਆਂ ਕਿ ਸਮੂਹ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਲੋਂ ਸੇਵਾ ਦੋਰਾਨ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ

ਇਸ ਮੌਕੇ ਵਿਸ਼ੇਸ਼ ਤੌਰ ਤੇ ਮੀਤ ਪ੍ਰਧਾਨ ਜੋਰਾ ਸਿੰਘ, ਖਜਾਨਚੀ ਹਰਬੰਸ ਸਿੰਘ, ਖਜਾਨਚੀ ਸੌਦਾਗਰ ਸਿੰਘ, ਸੈਕਟਰੀ ਸ਼ਮਸ਼ੇਰ ਸਿੰਘ, ਜਰਨਲ ਸਕੱਤਰ ਰਾਜ ਕੁਮਾਰ, ਜਰਨਲ ਸਕੱਤਰ ਮਹਿੰਦਰ ਸਿੰਘ ਲੰਬੜਦਾਰ, ਮੁੱਖ ਮੈਬਰ ਨਿਰਮਲ ਸਿੰਘ, ਮੁੱਖ ਗ੍ਰੰਥੀ ਪਰਗਟ ਸਿੰਘ, ਗ੍ਰੰਥੀ ਗੁਰਦਿਆਲ ਸਿੰਘ, ਇਕਬਾਲ ਸਿੰਘ, ਕਰਨੈਲ ਸਿੰਘ, ਮਨਜੀਤ ਕੌਰ ਸਰੋਏ, ਬੰਟੀ, ਬਰਜਿੰਦਰ ਸਿੰਘ, ਜਰਨੈਲ ਸਿੰਘ ਗੋਲੂ, ਬਲਦੇਵ ਸਿੰਘ, ਸਵਰਨ ਸਿੰਘ, ਨੋਜਵਾਨ ਸਭਾ ਤੋਂ ਗੁਰਜੰਟ ਸਿੰਘ, ਲਖਵਿੰਦਰ ਸਿੰਘ, ਜਸਪ੍ਰੀਤ ਸਿੰਘ, ਹਰਵਿੰਦਰ ਸਿੰਘ, ਸੋਹਣ ਸਿੰਘ, ਮਨਦੀਪ ਸਿੰਘ, ਰਮਨਦੀਪ ਸਿੰਘ ਨੇ ਵਿਸ਼ੇਸ਼ ਤੌਰ ਤੇ ਸੇਵਾ ਨਿਭਾਈ।

# ਕੈਬਨਿਟ ਮੰਤਰੀ ਸ੍ਰ. ਲਾਲਜੀਤ ਸਿੰਘ ਭੁੱਲਰ ਅਤੇ ਡੀਸੀ ਨੇ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਫੇਜ਼-2 ਤਹਿਤ ਤਰਲ ਕੂੜਾ ਪ੍ਰਬੰਧਨ ਤੇ ਛੱਪੜਾਂ ਦਾ ਨਵੀਨੀਕਰਨ ਲਈ ਬਲਾਕ ਪੱਟੀ ਤੇ ਨੌਸ਼ਹਿਰਾ ਪੰਨੂਆਂ ਦੇ 8 ਪਿੰਡਾਂ ਵਿੱਚ ਰੱਖਿਆ ਨੀਂਹ ਪੱਥਰ

## ਬਲਾਕ ਪੱਟੀ ਤੇ ਨੌਸ਼ਹਿਰਾ ਪੰਨੂਆ ਦੀਆਂ 71 ਪੰਚਾਇਤਾਂ ਵਿੱਚ 8 ਕਰੋੜ 87 ਲੱਖ 72 ਹਜ਼ਾਰ ਰੁਪਏ ਦੀ ਲਾਗਤ ਨਾਲ ਲਗਾਏ ਜਾਣਗੇ ਤਰਲ ਕੂੜਾ ਪ੍ਰਬੰਧਨ ਦੇ ਪ੍ਰੋਜੈਕਟ



**ਪੱਟੀ/ਤਰਨ ਤਾਰਨ/ਕਪਿਲ ਗਿੱਲ**

ਸ੍ਰ. ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਟਰਾਂਸਪੋਰਟ ਵਿਭਾਗ ਪੰਜਾਬ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਿਸ਼ੀਪਾਲ ਸਿੰਘ ਵੱਲੋਂ ਅੱਜ ਵਿਧਾਨ ਸਭਾ ਹਲਕਾ ਪੱਟੀ ਦੇ ਵੱਖ-ਵੱਖ ਪਿੰਡਾ ਨੂੰ ਓ.ਡੀ.ਐੱਫ ਵਿੱਚ ਸ਼ਾਮਿਲ ਕਰਨ ਅਤੇ ਮਾਡਲ ਸ਼੍ਰੇਣੀ ਦੇ ਪਿੰਡ ਬਣਾਉਣ ਲਈ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਫੇਜ਼-2 ਤਹਿਤ ਤਰਲ ਕੂੜਾ ਪ੍ਰਬੰਧਨ ਅਤੇ ਛੱਪੜਾਂ ਦਾ ਨਵੀਨੀਕਰਨ ਲਈ ਬਲਾਕ ਪੱਟੀ ਤੇ ਨੌਸ਼ਹਿਰਾ ਪੰਨੂਆਂ ਦੇ 8 ਪਿੰਡਾਂ ਵਿੱਚ ਨੀਂਹ ਪੱਥਰ ਰੱਖਿਆ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਅੱਜ ਹਲਕੇ ਦੇ ਪਿੰਡ ਚੂਸਲੇਵੜ ਬਲਾਕ ਪੱਟੀ, ਸੰਗਵਾਂ ਬਲਾਕ ਪੱਟੀ, ਪ੍ਰਿੰਗੜੀ ਬਲਾਕ ਪੱਟੀ, ਰੱਤਾ ਗੁੱਦਾ ਬਲਾਕ ਪੱਟੀ, ਨੱਥੂਪੁਰਾ ਬਲਾਕ ਨੌਸ਼ਹਿਰਾ ਪੰਨੂਆਂ, ਜੱਲੇਵਾਲ ਬਲਾਕ ਨੌਸ਼ਹਿਰਾ ਪੰਨੂਆਂ,

ਸ਼ਕਰੀ ਬਲਾਕ ਨੌਸ਼ਹਿਰਾ ਪੰਨੂਆਂ ਅਤੇ ਨੰਦਪੁਰਾ ਬਲਾਕ ਨੌਸ਼ਹਿਰਾ ਪੰਨੂਆਂ ਵਿੱਚ ਛੱਪੜਾਂ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਸ੍ਰ. ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਨੂੰ ਓ. ਡੀ. ਐੱਫ ਪਲੱਸ ਬਣਾਉਣ ਲਈ ਬਲਾਕ ਪੱਟੀ ਤੇ ਨੌਸ਼ਹਿਰਾ ਪੰਨੂਆ ਦੀਆਂ 71 ਪੰਚਾਇਤਾਂ ਵਿੱਚ 8 ਕਰੋੜ 87 ਲੱਖ 72 ਹਜ਼ਾਰ ਰੁਪਏ ਦੀ ਲਾਗਤ ਨਾਲ ਤਰਲ ਕੂੜਾ ਪ੍ਰਬੰਧਨ ਦੇ ਪ੍ਰੋਜੈਕਟ ਲਗਾਏ ਜਾ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਿਸ਼ੀਪਾਲ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਦੀਆਂ 575 ਗ੍ਰਾਮ ਪੰਚਾਇਤਾਂ ਵਿੱਚ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਫੇਜ਼-2 ਤਹਿਤ ਓ. ਡੀ. ਐੱਫ ਸਸਟੈਨ ਸਵੱਛਤਾ ਨੂੰ ਕਾਇਮ ਕਰਨ ਅਤੇ ਮਾਡਲ ਸ਼ ?ਰੇਣੀ ਦੇ ਪਿੰਡ ਬਣਾਉਣ ਅਧੀਨ ਗੰਦੇ ਪਾਣੀ ਦੀ ਨਿਕਾਸੀ ਲਈ ਥਾਪਰ ਮਾਡਲ ਤਹਿਤ ਛੱਪੜਾਂ ਦਾ ਨਿਰਮਾਣ ਅਤੇ ਨਵੀਨੀਕਰਨ, ਪਿੰਡਾ ਵਿੱਚ ਸਵੱਛਤਾ ਲਈ ਗਿੱਲੇ-ਸੂਕੇ ਕੂੜੇ ਅਤੇ ਪਲਾਸਟਿਕ ਕੂੜੇ ਦੇ ਪ੍ਰਬੰਧਨ ਕਰਨ ਲਈ ਵੱਖ-ਵੱਖ ਪ੍ਰੋਜੈਕਟ ਲਗਾਏ ਜਾਣਗੇ ।

ਉਹਨਾਂ ਦੱਸਿਆ ਕਿ ਇਸ ਲਈ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਫੇਜ਼-2 ਤਹਿਤ 70% ਪ੍ਰਤੀਸ਼ਤ ਹਿੱਸਾ, 15ਵੇਂ ਵਿੱਤ ਕਮਿਸ਼ਨ ਵਿੱਚੋਂ 30% ਪ੍ਰਤੀਸ਼ਤ ਹਿੱਸਾ ਅਤੇ ਗੈਪਿੰਗ ਫੰਡ ਮਗਨਰੇਗਾ ਅਤੇ ਹੋਰ ਗ੍ਰਾਮ ਪੰਚਾਇਤ ਫੰਡ ਵਿੱਚੋਂ ਲਏ ਜਾਣਗੇ।

ਉਹਨਾਂ ਕਿਹਾ ਕਿ ਆਉਣ ਵਾਲੇ 6 ਮਹੀਨਿਆ ਵਿੱਚ ਇਹਨਾਂ ਪ੍ਰੋਜੈਕਟਾਂ ਨੂੰ ਮੁਕੰਮਲ ਕਰ ਲਿਆ ਜਾਵੇਗਾ ਅਤੇ ਜ਼ਿਲ੍ਹਾ ਤਰਨ ਤਾਰਨ ਨੂੰ ਮਾਡਲ ਸ਼ ?ਰੇਣੀ ਵਿੱਚ ਪਹਿਲੇ ਸਥਾਨ 'ਤੇ ਲਿਆਉਣ ਲਈ ਜੰਗੀ ਪੱਧਰ 'ਤੇ ਯਤਨ ਕੀਤੇ ਜਾਣਗੇ। ਇਸ ਮੌਕੇ ਦਿਲਬਾਗ ਸਿੰਘ ਪੀ.ਏ,ਸੈਕਟਰੀ ਹਰਦਿਆਲ ਸਿੰਘ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋ, ਚੇਅਰਮੈਨ ਸੁਖਰਾਜ ਸਿੰਘ ਕਿਰਤੋਵਾਲ, ਸਰਪੰਚ ਨਰਿੰਦਰ ਚੂਸਲੇਵੜ,ਗੁਰਬਿੰਦਰ ਸਿੰਘ ਕਾਲੇਕੇ,ਬਿੱਲਾ ਜੇਸ਼ਨ, ਅਰਸ਼ ਲੌਹਕਾ, ਆੜਤੀ ਐਸ਼ੋਸੀਏਸ਼ਨ ਪੱਟੀ ਦੇ ਪ੍ਰਧਾਨ ਰਾਜਬੀਰ ਸਿੰਘ ਖਹਿਰਾ,ਬਲਜਿੰਦਰ ਸਿੰਘ ਖਹਿਰਾ,ਸਕੱਤਰ ਸਿੰਘ,ਥਾਣੇਦਾਰ ਜੋਗਾ ਸਿੰਘ,ਬੀ ਸ਼ੀ ਵਿੰਗ ਦੇ ਪ੍ਰਧਾਨ ਗੁਰਮੀਤ ਸਿੰਘ,ਬਲਬੀਰ ਸਿੰਘ,ਡਾ,ਸੁਖਵੰਤ ਸਿੰਘ,ਲਵਪ੍ਰੀਤ ਸਿੰਘ ਖਹਿਰਾ,ਡਾ.ਸਰਦਾਰਾ ਸਿੰਘ,ਵੀਰ ਸਿੰਘ,ਗੁਰਜੰਟ ਸਿੰਘ ਮੈਬਰ ਸੁਰਿੰਦਰ ਸਿੰਘ,ਸੁਖਚੈਨ ਸਿੰਘ,ਬਲਵਿੰਦਰ ਸਿੰਘ,ਆਦਿ ਮੌਜੂਦ ਸਨ।

# ਪੰਜਾਬ ਸਰਕਾਰ ਨੇ ਦਿੱਲੀ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਜਿੱਦ ਕਰਕੇ ਸਿਹਤ ਸੰਭਾਲ ਢਾਂਚੇ ਨੂੰ ਕੀਤਾ ਅਸਤ ਵਿਅਸਤ : ਹਰਮਿੰਦਰ ਗਿੱਲ

**ਪੱਟੀ/ਕਪਿਲ ਗਿੱਲ**

ਪੰਜਾਬ ਸਰਕਾਰ ਨੇ ਦਿੱਲੀ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਜਿੱਦ ਕਰਕੇ ਆਮ ਆਦਮੀ ਕਲੀਨਿਕ ਸਥਾਪਤ ਕਰਨ ਦੀ ਫਜ਼ੂਲ ਮੁਹਿੰਮ ਚਲਾ ਕੇ ਪੰਜਾਬ ਦੇ ਸਿਹਤ ਸੰਭਾਲ ਢਾਂਚੇ ਨੂੰ ਅਸਤ ਵਿਅਸਤ ਕਰਕੇ ਰੱਖ ਦਿੱਤਾ ਹੈ। ਜ਼ਿਲ੍ਹਾ ਕਾਂਗਰਸ ਕਮੇਟੀ ਤਰਨ ਤਾਰਨ ਦੇ ਪ੍ਰਧਾਨ, ਪੰਜਾਬ ਕਾਂਗਰਸ ਦੇ ਪ੍ਰਮੁੱਖ ਬੁਲਾਰੇ ਸਾਬਕਾ ਵਿਧਾਇਕ ਸ੍ਰ. ਹਰਮਿੰਦਰ ਸਿੰਘ ਗਿੱਲ ਨੇ ਪੱਟੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਪੰਜਾਬ ਦੇ ਸਿਹਤ ਵਿਭਾਗ ਨੇ ਕਰੋਨਾ ਕਾਲ ਵਿੱਚ ਬੇਹਤਰੀਨ ਭੂਮਿਕਾ ਨਿਭਾਈ ਜਦੋਂ ਦਿੱਲੀ ਦਾ ਸਿਹਤ ਸੰਭਾਲ ਢਾਂਚਾ ਢਹਿਢੇਰੀ ਹੋ ਗਿਆ ਸੀ ਉਸ ਪੰਜਾਬ ਦੇ ਸਿਹਤ ਵਿਭਾਗ ਦਾ ਆਮ ਆਦਮੀ ਸਰਕਾਰ ਨੇ ਸਤਿਆਨਾਸ ਪੁਟ ਕੇ ਰੱਖ ਦਿੱਤਾ। ਪੱਟੀ ਹਲਕੇ ਦੇ ਪਿੰਡ ਸਭਰਾ ਅਤੇ ਕਿਰਤੋਵਾਲ ਕਲਾਂ ਵਿੱਚ ਆਮ ਆਦਮੀ ਕਲੀਨਿਕ ਖੋਲੇ ਜਾਣ ਦੀ ਚਰਚਾ ਕਰਦਿਆ ਗਿੱਲ ਨੇ ਕਿਹਾ ਕਿ 30-35 ਸਾਲਾਂ ਤੋਂ ਪ੍ਰਾਇਮਰੀ ਸਿਹਤ ਕੇਂਦਰ ਦੇ ਤੌਰ ਤੇ ਚੱਲ ਰਹੇ ਇਨ੍ਹਾਂ ਦੋਨਾਂ ਹਸਪਤਾਲਾਂ ਦਾ ਮੌਜੂਦਾ ਸਰਕਾਰ ਨੇ ਰੁਤਬਾ ਘਟਾ ਕੇ ਕਲੀਨਿਕਾਂ ਬਣਾ ਦਿੱਤੀਆਂ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨਵਾਂ ਕੀ ਕੀਤਾ ਹੈ ? ਬਿਲਡਿੰਗਾਂ ਪਹਿਲਾਂ ਦੀਆਂ ਬਣੀਆਂ ਹਨ, ਮੁਲਾਜ਼ਮ, ਦਵਾਈਆਂ ਅਤੇ ਲਬਾਰਟਰੀਆਂ ਪਹਿਲਾਂ ਦੀਆਂ ਬਣੀਆਂ ਹੋਈਆਂ ਹਨ, ਸਿਰਫ ਮੁੱਖ ਮੰਤਰੀ ਸਾਹਿਬ ਦੀਆਂ ਫੋਟੋਆਂ ਪਹਿਲੀ ਵਾਰ ਲਗੀਆਂ ਹਨ। ਇਨ੍ਹਾਂ ਫਰਜ਼ੀ ਕਲੀਨਿਕਾਂ ਨਾਲੋਂ ਤਾਂ ਪਿੰਡਾਂ ਵਿੱਚੋਂ ਬੈਠੇ ਦੇਸੀ ਡਾਕਟਰ ਬਿਹਤਰ ਇਲਾਜ ਕਰ ਰਹੇ ਹਨ। ਸ੍ਰ. ਗਿੱਲ ਨੇ ਇਹ ਸਾਫ ਕੀਤਾ ਕਿ ਕਾਂਗਰਸ ਸਰਕਾਰ ਵੇਲੇ ਪੰਜਾਬ ਵਿੱਚੋਂ ਸਿਹਤ ਬੀਮਾ ਯੋਜਨਾ ਤਹਿਤ 46 ਲੱਖ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਸਿਹਤ ਬੀਮਾ ਦਿੱਤਾ ਗਿਆ ਸੀ ਜਿਸ ਲਈ ਸਰਕਾਰ ਨੇ ਪਹਿਲਾਂ 300 ਤੇ ਫੇਰ ਅਗਲੇ ਸਾਲ 400 ਕਰੋੜ ਰੁਪਏ ਦਾ ਪ੍ਰੀਮੀਅਮ ਬੀਮਾ ਕੰਪਨੀਆਂ ਨੂੰ ਦਿੱਤਾ ਸੀ ਜਿਸ ਨਾਲ ਪੰਜਾਬ ਵਿੱਚੋਂ 14500 ਲੋਕਾਂ ਦੀਆਂ ਮੁਫ਼ਤ ਬਾਈਪਾਸ ਸਰਜਰੀਆਂ ਹੋਈਆਂ 6700 ਲੋਕਾਂ ਦੇ ਗੋਡੇ ਅਤੇ ਚੂਲੇ ਬਦਲੇ ਗਏ। ਉਨ੍ਹਾਂ ਦੱਸਿਆ ਕਿ ਇਕੱਲੇ ਪੱਟੀ ਦੇ ਸਰਕਾਰੀ ਹਸਪਤਾਲ ਵਿੱਚ 110 ਮਰੀਜਾਂ ਦੇ ਗੋਡੇ ਅਤੇ ਚੂਲੇ ਫ੍ਰੀ ਬਦਲੇ ਗਏ 3600 ਮਰੀਜਾਂ ਦੇ ਮੁਫ਼ਤ ਅੱਖਾਂ ਦੇ ਆਪਰੇਸ਼ਨ ਕੀਤੇ ਗਏ। ਇੰਨਾ ਆਪਰੇਸ਼ਨਾਂ ਦੇ ਕਰੋੜਾਂ ਰੁਪਏ ਸਰਕਾਰੀ ਹਸਪਤਾਲਾਂ ਵਿੱਚ ਆਉਂਦੇ ਸਨ ਜਿਸ ਨਾਲ ਕਈ ਕੱਚੇ ਮੁਲਾਜ਼ਮ ਰੱਖੇ ਜਾਂਦੇ ਸਨ ਅਤੇ ਹੋਰ ਖਰਚੇ ਚਲਾਏ ਜਾਂਦੇ ਸਨ। ਹੁਣ ਜਦੋਂ ਦੀ ਆਮ ਆਦਮੀ ਸਰਕਾਰ ਆਈ ਹੈ ਇਸ ਨੇ ਸਿਹਤ ਬੀਮਾ ਯੋਜਨਾ ਬਿਲਕੁਲ ਬੰਦ ਕਰ ਦਿੱਤੀ ਹੈ। ਨਵੀਂ ਸਰਕਾਰ ਦੇ ਸਮੇਂ ਇਕ ਵੀ ਅਪਰੇਸ਼ਨ ਮੁਫ਼ਤ ਨਹੀਂ ਹੋਇਆ।

ਕਾਂਗਰਸ ਸਰਕਾਰ ਵੇਲੇ ਪੱਟੀ ਸਿਵਲ ਹਸਪਤਾਲ ਵਿੱਚ 7.50 ਕਰੋੜ ਰੁਪਏ ਦੀ ਲਾਗਤ ਨਾਲ 30 ਬਿਸਤਰਿਆਂ ਦਾ ਜੱਚਾ ਬੱਚਾ ਹਸਪਤਾਲ ਦੀ ਉਸਾਰੀ ਸ਼ੁਰੂ ਕੀਤੀ, ਆਕਸੀਜ਼ਨ ਜਨਰੇਸ਼ਨ ਪਲਾਂਟ ਸਥਾਪਿਤ ਕੀਤਾ ਗਿਆ, ਅੱਗ ਬੁਝਾਊ ਜੰਤਰ ਲਗਾਏ ਗਏ, ਸਾਰੇ ਹਸਪਤਾਲ ਵਿੱਚ ਮੈਡੀਕਲ ਗੈਸ ਪਾਇਪ ਲਾਇਨ ਵਛਾਈ ਗਈ, 1.50 ਕਰੋੜ ਰੁਪਏ ਨਾਲ ਸਾਰੇ ਹਸਪਤਾਲ ਦੀ ਮੁਰੰਮਤ ਅਤੇ ਚਾਰ ਦਿਵਾਰੀ ਬੁਣਾਈ, ਚੌਂਕਾ ਬੀਬੀ ਰਜਨੀ, ਚਾਲੂ ਕਰਕੇ ਲੱਖਾਂ ਲੋਕਾਂ ਨੂੰ 10 ਰੁਪਏ ਚ' ਖਾਣਾ ਮੁੱਹਈਆ ਕਰਾਇਆ ਅਤੇ ਅੱਜ ਵੀ ਹੋ ਰਿਹਾ ਹੈ, ਗੁਰਦੇ ਦੇ ਰੋਗਾਂ ਲਈ ਡਾਇਲਸਿਸ ਯੁਨਿਟ ਵੀ ਲਗਾਇਆ ਗਿਆ ਪਰ ਅੱਜ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੱਟੀ ਹਸਪਤਾਲ ਵਿਚੋਂ ਸਰਕਾਰ ਦੀ ਘਟੀਆ ਕਾਰਗੁਜਾਰੀ ਕਰਕੇ ਡਾਇਲਸਿਸ ਯੁਨਿਟ ਵੀ ਪੁੱਟਿਆ ਗਿਆ ਹੈ,



## ਵਿਸ਼ੇਸ਼ ਸਨਮਾਨ



74 ਵੇ ਜਿਲਾ ਪੱਧਰੀ ਗਣਤੰਤਰਤਾ ਦਿਵਸ ਮੋਕੇ ਮੁੱਖ ਮਹਿਮਾਨ ਸ. ਹਰਭਜਨ ਸਿੰਘ ਸੜਕੀ ਦੁਰਘਟਨਾ ਵਿੱਚ ਜ਼ਖਮੀ ਹੋਏ ਅਣਜਾਣ ਵਿਅਕਤੀ ਨੂੰ ਸਿਵਲ ਹਸਪਤਾਲ ਵਿਖੇ ਦਾਖਲ ਕਰਾਉਣ ਤੇ ਸਮਾਜ ਸੇਵੀ ਸ਼੍ਰੀ ਰਵਿੰਦਰ ਖੰਨਾ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕਰਦੇ ਹੋਏ ।

# ਭਾਰਤ ਜੋੜੋ ਯਾਤਰਾ ਦੇ ਆਖਿਰੀ ਪੜਾਅ ਦੀ ਸਮਾਪਤੀ ਮੌਕੇ ਹਲਕਾ ਦੱਖਣੀ ਵਿਖੇ ਬਲਾਕ ਪ੍ਰਧਾਨ ਹਰੀਸ਼ ਕੁਮਾਰ ਗੋਨਾ ਦੀ ਅਗਵਾਈ ਵਿੱਚ ਤਿਰੰਗਾ ਲਹਿਰਾਇਆ

**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ**

ਭਾਰਤ ਜੋੜੋ ਯਾਤਰਾ ਦੇ ਆਖ਼ਰੀ ਪੜਾਅ ਨੂੰ ਅੱਜ ਸ਼੍ਰੀਨਗਰ ਵਿਖੇ ਸਮਾਪਤ ਹੋ ਰਹੀ ਹੈ.ਇਸ ਸੰਬੰਧ ਵਿੱਚ ਪਾਰਟੀ ਹਾਈ ਕਮਾਂਡ ਵੱਲੋਂ ਮਿਲੇ ਨਿਰਦੇਸ਼ ਅਨੁਸਾਰ ਤਿਰੰਗਾ ਲਹਿਰਾਉਣ ਦੀ ਰਸਮ ਨੂੰ ਪੂਰਨ ਕੀਤਾ ਗਿਆ.ਪੰਜਾਬ ਪ੍ਰਧਾਨ ਰਾਜਾ ਵੜਿੰਗ, ਜਿਲਾ ਪ੍ਰਧਾਨ ਸੰਜੇ ਤਲਵਾੜ,ਹਲਕਾ ਦੱਖਣੀ ਦੇ ਇੰਚਾਰਜ ਈਸ਼ਵਰਜੋਤ ਸਿੰਘ ਚੀਮਾ ਦੇ ਰਹਿਨੁਮਾਈ ਅਨੁਸਾਰ ਬਲਾਕ ਪ੍ਰਧਾਨ ਹਰੀਸ਼ ਕੁਮਾਰ ਗੋਨਾ ਦੀ ਅਗਵਾਈ ਹੇਠ ਵਾਰਡ ਮੈਂਬਰ ਤੇ ਕਾਰਜਕਰਤਾ ਨੂੰ ਲੈਕੇ ਤਿਰੰਗਾ ਲਹਿਰਾਇਆ ਗਿਆ ਤੇ ਸਾਰਿਆ ਨੂੰ ਇਕਜੁੱਟ ਹੋਕੇ ਪਾਰਟੀ ਨੂੰ ਮਜ਼ਬੂਤ ਕਰਨ ਦਾ ਸਨੇਹਾ ਦਿੱਤਾ ਗਿਆ.ਇਸ ਮੌਕੇ ਡਾ ਸੰਦੀਪ,ਪਰਦੀਪ ਕੁਮਾਰ,ਜਤਿੰਦਰ ਸਿੰਘ ਹੈਪੀ, ਵਿਸ਼ਾਲ ਰਾਣਾ,ਸੁਖਦੇਵ ਸਿੰਘ, ਸਰਬਜੀਤ ਸਿੰਘ, ਅਕਾਸ਼ ਰਾਜਪੂਤ ਤੇ ਹੋਰ ਮੈਂਬਰ ਹਾਜ਼ਰ ਸਨ।



# ਵਿਧਾਇਕ ਮੂੰਡੀਆਂ ਦੀ ਅਗਵਾਈ 'ਚ ਹਲਕਾ ਸਾਹਨੇਵਾਲ 'ਚ ਨਾਗਰਿਕ ਜਾਗਰੂਕਤਾ ਤੇ ਸ਼ਿਕਾਇਤ ਨਿਵਾਰਨ ਕੈਂਪ ਆਯੋਜਿਤ

**ਸਾਹਨੇਵਾਲ/ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਵਿਧਾਇਕ ਸ. ਹਰਦੀਪ ਸਿੰਘ ਮੂੰਡੀਆਂ ਦੀ ਅਗਵਾਈ ਹੇਠ ਨਗਰ ਕੌਂਸਲ ਸਾਹਨੇਵਾਲ ਵੱਲੋਂ ਵਾਰਡ ਨੰਬਰ 10, 11 ਅਤੇ 12 ਵਿਖੇ ਨਾਗਰਿਕ ਜਾਗਰੂਕਤਾ ਅਤੇ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਗਿਆ ਜਿਸ ਵਿੱਚ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ ਗਈਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀਮਤੀ ਅਨੀਤਾ ਦਰਸ਼ੀ ਅਤੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਸ. ਬਲਵੀਰ ਸਿੰਘ ਵੀ ਮੌਜੂਦ ਸਨ। ਵਿਧਾਇਕ ਸ. ਹਰਦੀਪ ਸਿੰਘ ਮੂੰਡੀਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਸੁਚੇਤ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਵੀ ਜਲਦ ਨਿਪਟਾਰਾ ਕਰਨ ਲਈ ਵਚਨਬੱਧ ਹੈ। ਕੈਂਪ ਦੌਰਾਨ ਉਨ੍ਹਾਂ ਵਾਰਡ ਨੰਬਰ 10, 11, 12 ਅਤੇ ਹੋਰ ਦੂਰੋਂ ਨੇੜਿਓ ਆਓ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਨਿਪਟਾਰਾ ਕਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਮੌਕੇ ਸ਼ ?ਰੀ ਰਵੀਦਾਸ ਸੈਲਫ ਹੈਲਪ ਗਰੁੱਪ ਸਾਹਨੇਵਾਲ ਵੱਲੋਂ ਸਟਾਲ ਵੀ ਲਗਾਇਆ ਗਿਆ। ਜ਼ਿਕਰਯੋਗ ਹੈ ਕਿ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀਮਤੀ ਅਨੀਤਾ ਦਰਸ਼ੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇ-ਨੂਲਮ ਸਕੀਮ ਅਧੀਨ ਸਥਾਪਤ ਨਗਰ ਕੌਂਸਲ ਸਾਹਨੇਵਾਲ ਅਧੀਨ ਸ੍ਰੀ ਰਵੀਦਾਸ ਹੈਲਪ ਗਰੁੱਪ ਸਾਹਨੇਵਾਲ ਦੀ ਨਵੀਂ ਦਿੱਲੀ ਵਿਖੇ 'ਭਾਰਤ ਪਰਵ' ਸਮਾਗਮ ਮੌਕੇ ਸਟਾਲ ਲਗਾਉਣ ਲਈ ਵੀ ਚੋਣ ਹੋਈ ਹੈ ਜੋਕਿ 26 ਜਨਵਰੀ ਤੋਂ 31 ਜਨਵਰੀ 2023 ਤੱਕ ਮਨਾਇਆ ਜਾ ਰਿਹਾ ਹੈ। ਇਸ ਨਾਲ ਜਿੱਥੇ ਗਰੀਬ ਔਰਤਾਂ ਨੂੰ ਸਵੈ-ਰੋਜਗਾਰ ਮਿਲ ਰਿਹਾ ਹੈ ਉੱਥੇ ਹੀ ਈਕੋ-ਫਰੈਂਡਲੀ ਵਾਤਾਵਰਨ ਨੂੰ ਵੀ ਉਤਸ਼ਾਹ ਮਿਲ ਰਿਹਾ ਹੈ।



# ਹੰਕਾਰ ਨੂੰ ਤਿਆਗ ਕੇ ਨਿਰੰਕਾਰ ਨੂੰ ਹਿਰਦੇ ਵਿੱਚ ਵਸਾਓ : ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ





ਹੁਸ਼ਿਆਰਪੁਰ , 30 ਜਨਵਰੀ: ਹੰਕਾਰ ਨੂੰ ਤਿਆਗ ਕੇ ਨਿਰੰਕਾਰ ਨੂੰ ਹਿਰਦੇ ਵਿੱਚ ਵਸਾ ਕੇ ਅਸਲ ਜੀਵਨ ਜੀਉ। ਇਹ ਪ੍ਰਵਚਨ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਔਰੰਗਾਬਾਦ ਦੇ ਬਿਡਕਿਨ ਡੀਐਮਆਈਸੀ ਖੇਤਰ ਵਿੱਚ ਚੱਲ ਰਹੇ ਮਹਾਰਾਸ਼ਟਰ ਦੇ 56ਵੇਂ ਸਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਆਏ ਵਿਸ਼ਾਲ ਮਾਨਵ ਪਰਿਵਾਰ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਸਤਿਗੁਰੂ ਮਾਤਾ ਜੀ ਨੇ ਅੱਗੇ ਫਰਮਾਇਆ ਕਿ ਹਉਮੈ ਦੇ ਕਾਬੂ ਵਿਚ ਰਹਿ ਕੇ ਮਨੁੱਖ ਆਪਣੇ ਆਪ ਨੂੰ ਸਭ ਤੋਂ ਉੱਤਮ ਸਮਝਦਾ ਰਹਿੰਦਾ ਹੈ ਅਤੇ ਭੌਤਿਕ ਵਸਤੂਆਂ ਨੂੰ ਆਪਣੇ ਮਨ ਵਿਚ ਪ੍ਰਮਾਤਮਾ ਨਾਲੋਂ ਵੱਧ ਮਹੱਤਵ ਦਿੰਦਾ ਹੈ, ਜਿਸ ਕਾਰਨ ਮਨੁੱਖ ਅਸਲ ਜੀਵਨ ਜਿਉਣ ਤੋਂ ਵਾਂਝਾ ਰਹਿ ਜਾਂਦਾ ਹੈ। ਇਸ ਦੇ ਉਲਟ ਜੇਕਰ ਉਹ ਬ੍ਰਹਮਗਿਆਨ ਰਾਹੀਂ ਪਰਮਾਤਮਾ ਨਾਲ ਜੁੜ ਕੇ ਅਤੇ ਹਰ ਸਮੇਂ ਪਰਮਾਤਮਾ ਨੂੰ ਅਨੁਭਵ ਕਰਕੇ ਆਪਣਾ ਜੀਵਨ ਬਤੀਤ ਕਰਦਾ ਹੈ ਤਾਂ ਉਸ ਦਾ ਜੀਵਨ ਕੀਮਤੀ ਹੋ ਜਾਂਦਾ ਹੈ।

ਸਤਿਗੁਰੂ ਮਾਤਾ ਜੀ ਨੇ ਅੱਗੇ ਫਰਮਾਇਆ ਕਿ ਜਿਸ ਤਰ੍ਹਾਂ ਇਕ ਬੂੰਦ ਸਮੁੰਦਰ ਵਿਚ ਅਭੇਦ ਹੋ ਜਾਂਦੀ ਹੈ, ਉਸ ਨੂੰ ਸਾਗਰ ਕਿਹਾ ਜਾਂਦਾ ਹੈ, ਇਸੇ ਤਰ੍ਹਾਂ ਜਦੋਂ ਮਨੁੱਖ 'ਮੈਂ' ਦੀ ਝੂਠੀ ਪਛਾਣ ਨੂੰ ਤਿਆਗ ਕੇ ਸਦੀਵੀ ਪਰਮਾਤਮਾ 'ਤੂੰ' ਵਿਚ ਅਭੇਦ ਹੋ ਜਾਂਦਾ ਹੈ ਤਾਂ ਉਸਨੂੰ ਪਰਮਾਤਮਾ ਸਵਰੂਪ ਹੋਣ ਦਾ ਉੱਚਾ ਦਰਜਾ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ।

ਅੰਤ ਵਿੱਚ ਸਤਿਗੁਰੂ ਮਾਤਾ ਜੀ ਨੇ ਸਮਝਾਇਆ ਕਿ ਜਿਸ ਤਰ੍ਹਾਂ ਇੱਕ ਮੈਲਾ ਕੱਪੜਾ ਸਾਬਣ-ਪਾਣੀ ਦੀ ਸੰਗਤ ਨਾਲ ਸ਼ੁੱਧ ਹੋ ਜਾਂਦਾ ਹੈ, ਉਸੇ ਤਰ੍ਹਾਂ ਸ਼ੁੱਧ ਪ੍ਰਮਾਤਮਾ ਨਾਲ ਰਿਸ਼ਤਾ ਜੋੜ ਕੇ ਅਸੀਂ ਉਸ ਨਾਲ ਏਕਤਾ ਪ੍ਰਾਪਤ ਕਰ ਲੈਂਦੇ ਹਾਂ ਤਾਂ ਅੰਦਰੋਂ ਬਾਹਰੋਂ ਇੱਕ ਹੋ ਜਾਂਦੇ ਹਾਂ। ਅਧਿਆਤਮਿਕਤਾ ਅਤੇ ਮਾਨਵਤਾ ਸਾਡੇ ਜੀਵਨ ਵਿੱਚ ਨਾਲ-ਨਾਲ ਚੱਲਣ ਲੱਗਦੇ ਹਨ।

ਮਹਾਂਰਾਸ਼ਟਰ ਦੇ ਮੁੱਖ ਮੰਤਰੀ ਨੇ ਨਿਰੰਕਾਰੀ ਸੰਤ ਸਮਾਗਮ ਵਿੱਚ ਪਹੁੰਚ ਕੇ ਅਸ਼ੀਰਵਾਦ ਪ੍ਰਾਪਤ ਕੀਤਾ

ਮਹਾਰਾਸ਼ਟਰ ਦੇ ਮਾਨਯੋਗ ਮੁੱਖ ਮੰਤਰੀ ਨਾਮਦਾਰ ਏਕਨਾਥ ਜੀ ਸ਼ਿੰਦੇ ਨੇ ਐਤਵਾਰ ਦੁਪਹਿਰ ਨੂੰ ਇਸ ਨਿਰੰਕਾਰੀ ਸੰਤ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਸੰਤ ਨਿਰੰਕਾਰੀ ਮਿਸ਼ਨ ਦੇ ਅਧਿਆਤਮਿਕ ਅਤੇ ਸਮਾਜਿਕ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਤ-ਮਹਾਤਮਾ ਹਮੇਸ਼ਾ ਮਨੁੱਖੀ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਤਰ੍ਹਾਂ ਮੌਜੂਦਾ ਸਮੇਂ ਵਿੱਚ ਇਹ ਮਿਸ਼ਨ ਮਨੁੱਖਤਾ ਦੀ ਭਲਾਈ ਲਈ ਕਾਰਜਸ਼ੀਲ ਹੈ। ਮਿਸ਼ਨ ਵੱਲੋਂ ਕੋਵਿਡ ਦੌਰਾਨ ਅਤੇ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਦੌਰਾਨ ਕੀਤੀਆਂ ਸੇਵਾਵਾਂ ਅਤੇ ਸਵੱਛਤਾ ਮੁਹਿੰਮ ਵਰਗੀਆਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀ ਦੇ ਨਾਲ ਔਰੰਗਾਬਾਦ ਦੇ ਸਰਪ੍ਰਸਤ ਮੰਤਰੀ ਸੰਦੀਪਾਨ ਭੂਮਰੇ, ਮੰਤਰੀ ਅਬਦੁਲ ਸੱਤਾਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## 25,000 ਰੁਪਏ ਦੀ ਰਿਸ਼ਵਤ ਲੈਂਦਾ ਬੀ.ਡੀ.ਪੀ.ਓ. ਵਿਜੀਲੈਂਸ ਵੱਲੋਂ ਰੰਗੇ ਹੱਥੀਂ ਗਿਰਫ਼ਤਾਰ

**ਲੁਧਿਆਣਾ/ਰਾਜੂ ਵਾਲੀਆ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੇ ਉਦੇਸ਼ ਨਾਲ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਲੁਧਿਆਣਾ ਜ਼ਿਲ੍ਹੇ ਦੇ ਸੁਧਾਰ ਵਿਖੇ ਤਾਇਨਾਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ (ਬੀ.ਡੀ.ਪੀ.ਓ.) ਅਸ਼ੋਕ ਕੁਮਾਰ ਨੂੰ 25,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਬੀ.ਡੀ.ਪੀ.ਓ. ਨੂੰ ਸਰਪੰਚ ਲਖਵੀਰ ਸਿੰਘ ਵਾਸੀ ਪਿੰਡ ਬੋਪਾਰਾਏ ਕਲਾਂ, ਲੁਧਿਆਣਾ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਿਕਾਇਤ ਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਅਧਿਕਾਰੀ ਗ੍ਰਾਮ ਪੰਚਾਇਤ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਵਰਤੋਂ ਸਰਟੀਫਿਕੇਟ ਜਾਰੀ ਕਰਨ ਅਤੇ ਗ੍ਰਾਂਟਾਂ ਦੀ ਅਦਾਇਗੀ ਲਈ 50,000 ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤ ਕਰਤਾ ਨੇ ਅੱਗੇ ਦੋਸ਼ ਲਾਇਆ ਕਿ ਉਹ ਉਕਤ ਅਧਿਕਾਰੀ ਨੂੰ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਪਰ ਉਸ ਦੇ ਵਾਰ-ਵਾਰ ਕਹਿਣ 'ਤੇ ਬੀਡੀਪੀਓ ਨਾਲ 25,000 ਰੁਪਏ ਵਿੱਚ ਸੌਦਾ ਤੈਅ ਹੋ ਗਿਆ ਹੈ ।ਉਸਦੀ ਸ਼ਿਕਾਇਤ ਦੀ ਪੜਤਾਲ ਕਰਨ ਉਪਰੰਤ ਲੁਧਿਆਣਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਅਤੇ ਦੋਸ਼ੀ ਬੀ.ਡੀ.ਪੀ.ਓ. ਨੂੰ ਦੋ ਸਰਕਾਰੀ ਮੁਲਾਜ਼ਮਾਂ ਦੀ ਹਾਜ਼ਰੀ ਵਿੱਚ ਸ਼ਿਕਾਇਤ ਕਰਤਾ ਤੋਂ 25,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ ।ਬੁਲਾਰੇ ਨੇ ਦੱਸਿਆ ਕਿ ਦੋਸ਼ੀ ਅਧਿਕਾਰੀ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਕੈਲਗਰੀ ਵੱਸਦੀ ਪੰਜਾਬਣ ਵਿਗਿਆਨੀ ਡਾ. ਰਮਨ ਗਿੱਲ ਨੂੰ ਭਾਰਤ ਕੀਰਤੀਮਾਨ ਪੁਰਸਕਾਰ ਮਿਲਿਆ

**ਲੁਧਿਆਣਾ/ਸੁਖਚੈਨ ਮਹਿਰਾ**

ਕੈਲਗਰੀ (ਕੈਨੇਡਾ) ਵੱਸਦੀ ਲੁਧਿਆਣਾ ਦੀ ਜੰਮੀ ਜਾਈ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਪੜ੍ਹੀ ਪੰਜਾਬਣ ਵਿਗਿਆਨੀ ਡਾ ? ਰਮਨ ਗਿੱਲ ਨੂੰ ਪਿਛਲੇ ਦਿਨੀਂ ਇੰਦੌਰ(ਮੱਧਯ ਪ੍ਰਦੇਸ਼) ਵਿਖੇ 17ਵੇ ਪਰਵਾਸੀ ਦਿਵਸ ਮੌਕੇ ਵਰਲਡ ਬੁੱਕ ਆਫ਼ ਰੀਕਾਰਡਜ਼ ਯੂ ਕੇ ਵੱਲੋਂ ਕੈਨੇਡੀਅਨ ਸਮਾਜ ਨੂੰ ਸਮਾਜਿਕ ਸੇਵਾਵਾਂ ਪ੍ਰਦਾਨ ਕਰਨ ਲਈ

ਭਾਰਤ ਕੀਰਤੀਮਾਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

ਡਾ. ਰਮਨ ਗਿੱਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਹਿਲੇ ਲੈਂਡ ਸਕੇਪ ਅਫ਼ਸਰ ਸ ? ਹਰੀ ਸਿੰਘ ਸੰਧੂ ਜੀ ਦੀ ਸਪੁੱਤਰੀ ਹੈ। ਡਾ. ਰਮਨ ਗਿੱਲ ਨੂੰ ਇਹ ਪੁਰਸਕਾਰ ਨਿਆਂ, ਸਿੱਖਿਆ,ਕਲਾ ਤੇ ਸੱਭਿਆਚਾਰ, ਅਧਿਆਤਮ, ਵਾਤਾਵਰਣ, ਤੇ ਸਰਬਪੱਖੀ ਵਿਕਾਸ ਲਈ ਤਕਨਾਲੋਜੀ ਦੇ ਖੇਤਰ ਵਿੱਚ ਚੋਣਵੀਆਂ ਪਰਵਾਸੀ ਸ਼ਖ਼ਸੀਅਤਾਂ ਦੇ ਨਾਲ ਸਨਮਾਨਿਤ ਕੀਤਾ ਗਿਆ ਹੈ। ਡਾ. ਰਮਨ ਗਿੱਲ ਨੂੰ ਇਹ ਪੁਰਸਕਾਰ ਵਰਿੰਦਰ ਸ਼ਰਮਾ ਮੈਂਬਰ ਪਾਰਲੀਮੈਂਟ ਯੂ ਕੇ, ਸ਼੍ਰੀ ਸ਼ੰਕਰ ਲਾਲਵਾਨੀ ਮੈਂਬਰ ਪਾਰਲੀਮੈਂਟ ਭਾਰਤ, ਸ਼੍ਰੀਮਤੀ ਮਾਲਾ ਤਿਵਾੜੀ ਅਟੱਲ ਫਾਊਂਡੇਸ਼ਨ, ਡਾ. ਦਿਵਾਕਰ ਸ਼ੁਕਲ ਲੰਡਨ ਨੇ ਪ੍ਰਦਾਨ ਕੀਤਾ। ਡਾ. ਰਮਨ ਗਿੱਲ ਨੇ ਇਸੇ ਭਾਰਤ ਫੇਰੀ ਦੌਰਾਨ ਆਪਣੇ ਪਿਤਾ ਜੀ ਹਰੀ ਸਿੰਘ ਸੰਧੂ ਜੀ ਦੀ ਪੰਜਾਬ ਅੰਦਰ ਲੈਂਡ ਸਕੇਪਿੰਗ ਦੇ ਖੇਤਰ ਵਿੱਚ ਬਾਨੀ ਯੋਗਦਾਨ ਬਾਰੇ ਅੰਗਰੇਜ਼ੀ ਵਿੱਚ ਇੱਕ



ਕੌਫੀ ਟੇਬਲ ਪੁਸਤਕ ਵੀ ਪੰਜਾਬ ਖੇਤੀ ਯੂਨੀਵਰਸਿਟੀ ਵਿਖੇ ਵਾਈਸ ਚਾਂਸਲਰ ਤੇ ਆਪਣੇ ਅਧਿਆਪਕ ਡਾ ? ਸਤਬੀਰ ਸਿੰਘ ਗੋਸਲ , ਡੀਨ ਡਾਇਰੈਕਟਰਜ਼ ਡਾ. ਅਜਮੇਰ ਸਿੰਘ ਢੱਟ, ਡਾ. ਨਿਰਮਲ ਸਿੰਘ ਜੌੜਾ, ਡਾ. ਅਸ਼ੋਕ ਕੁਮਾਰ, ਡਾ. ਸੰਦੀਪ ਕਪੂਰ ਕੰਪਟਰੋਲਰ, ਡਾ ? ਸ਼ੰਮੀ ਕਪੂਰ ਰਜਿਸਟਰਾਰ,ਡਾ ? ਰਿਸ਼ੀਇੰਦਰ ਸਿੰਘ ਗਿੱਲ, ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਸ ? ਸੋਭਾ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਜਨਰਲ ਸਕੱਤਰ ਤੇਜ ਪ੍ਰਤਾਪ ਸਿੰਘ ਸੰਧੂ, ਆਪਣੇ ਪਿਤਾ ਜੀ ਤੇ ਮਾਤਾ ਜੀ ਸਰਦਾਰਨੀ ਗੁਰਦਰਸ਼ਨ ਕੌਰ ਸੰਧੂ ਅਤੇ ਵੱਡੀ ਭੈਣ ਡਾ ? ਸੰਦੀਪ ਕੌਰ ਬੈਂਸ ਡੀਨ ਪੋਸਟ ਗਰੈਜੂਏਟ ਸਟਡੀਜ਼ ਦੀ ਹਾਜ਼ਰੀ ਵਿੱਚ ਰਿਲੀਜ਼ ਕਰਵਾਈ ਹੈ।

# ਪ੍ਰਸ਼ਾਸ਼ਨ ਵਲੋਂ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਦੋ ਮਿੰਟ ਦਾ ਮੌਨ

## ਭਾਰਤ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਹਰ ਨਾਗਰਿਕ ਯਤਨਸ਼ੀਲ - ਡਿਪਟੀ ਕਮਿਸ਼ਨਰ ਸੁਰਭੀ ਮਲਿਕ

**ਲੁਧਿਆਣਾ/ਸੁਖਚੈਨ ਮਹਿਰਾ,ਵਰਿੰਦਰ ਪ੍ਰਕਾਸ਼ ਭਾਂਬਰੀ**

ਡਿਪਟੀ ਕਮਿਸ਼ਨਰ ਸੁਰਭੀ ਮਲਿਕ ਦੀ ਦੇਖ-ਰੇਖ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਦੇਸ਼ ਦੀ ਖ਼ਾਤਰ ਕੁਰਬਾਨੀਆਂ ਦੇਣ ਵਾਲੇ ਮਹਾਨ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀ ਅਮਰਜੀਤ ਬੈਂਸ ਵੀ ਮੌਜੂਦ ਸਨ। ਸਮੂਹ ਸਿਵਲ ਅਤੇ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਵੇਰੇ 11 ਵਜੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਸੰਘਰਸ਼ ਅਤੇ ਕੁਰਬਾਨੀ ਸਦਕਾ ਹਰ ਨਾਗਰਿਕ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਮੂਹ ਅਧਿਕਾਰੀਆਂ, ਕਰਮਚਾਰੀਆਂ ਅਤੇ ਨਾਗਰਿਕਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਹੰਭਲਾ ਮਾਰਨ ਦੀ ਅਪੀਲ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਵੀ ਹਾਜ਼ਰ ਸਨ।



## ਮੌਸਮ ਦੀ ਖਰਾਬੀ ਕਾਰਨ ਲੌਹਕਾ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਖਿਲਾਫ ਕੀਤਾ ਜਾ ਰਿਹਾ ਝੰਡਾ ਮਾਰਚ ਅੱਗੇ ਪਿਆ

**ਪੱਟੀ/ਜਸਬੀਰ ਸਿੰਘ ਦੁੱਬਲੀ**

ਅੱਜ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਪਿੰਡ ਲੌਹਕਾ ਵਿਖੇ ਬਲਕਾਰ ਸਿੰਘ ਵਲਟੋਹਾ ਦੀ ਪ੍ਰਧਾਨਗੀ ਹੇਠ ਕਰਦਿਆਂ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਅੱਜ ਵਾਲਾ ਲੌਹਕਾ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਖਿਲਾਫ ਕੀਤਾ ਜਾ ਰਿਹਾ ਝੰਡਾ ਮਾਰਚ ਅੱਜ ਮੌਸਮ ਖਰਾਬ ਹੋਣ ਕਾਰਨ ਰੱਦ ਕੀਤਾ ਜਾਂਦਾ ਹੈ ਤੇ ਹੁਣ ਇਹ ਪ੍ਰਦਰਸ਼ਨ 6ਫਰਵਰੀ ਨੂੰ ਲੌਹਕਾ, ਨੱਥੂਪੁਰ, ਕੈਰੋਂ, ਸਰਹਾਲੀ ਮੰਡ, ਸਰਾਲੀਆਂ, ਜਗ-ਪੁਰ, ਜਵੰਦਾ ਤੇ ਖੱਬੇ ਪਿੰਡਾਂ ਆਦਿ ਵਿਚ ਕੀਤਾ ਜਾਵੇਂਗਾ। ਵਰਨਣਯੋਗ ਹੈ ਕਿ ਸ਼ੇਰੋਂ ਖੰਡ ਮਿੱਲ ਚਾਲੂ ਕਰਨ ਦੀ ਮੰਗ ਵੀ ਨਾਲ ਕੀਤੀ ਜਾਵੇਗੀ। ਇਸ ਮੌਕੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਆਗੂ ਹਰਦੀਪ ਸਿੰਘ ਕੱਦ ਗਿੱਲ, ਤਰਸੇਮ ਸਿੰਘ ਲੋਹਾਰਕਾ,ਕਾਰਜ ਸਿੰਘ ਕੈਰੋਂ, ਦਲਜੀਤ ਸਿੰਘ ਦਿਆਲਪੁਰਾ, ਇੰਦਰਜੀਤ ਸਿੰਘ ਮਹਾਰਾਣਾ,ਨਿਰਪਾਲ ਸਿੰਘ ਜੌਣੇਕੇ ਸੁਖਦੇਵ ਸਿੰਘ ਮਾਨੋਚਾਹਲ,ਧਰਮ ਸਿੰਘ ਪੱਟੀ, ਹਰਭਜਨ ਸਿੰਘ ਚੂਸਲੇਵੜ ,ਗੁਰਚਰਨ ਸਿੰਘ ਸਭਰਾ, ਗੁਰਸਾਹਿਬ ਸਿੰਘ ਸੈਦੋ ਆਦਿ ਹਾਜ਼ਰ ਸਨ।

# ਡੀ ਸੀ ਰੰਧਾਵਾ ਵੱਲੋਂ ਆਟਾ-ਦਾਲ ਲਾਭਪਾਤਰੀਆਂ ਦੀ ਪੜਤਾਲ ਜਲਦ ਮੁਕੰਮਲ ਕਰਨ ਦੇ ਆਦੇਸ਼

## 5 ਲੱਖ ਜਾਂ ਉੱਪਰ ਵਾਲੇ ਜੇ-ਫ਼ਾਰਮ ਵਾਲੇ ਤੇ ਵਪਾਰਕ ਬਿਜਲੀ ਕੁਨੈਕਸ਼ਨ ਵਾਲੇ ਵੀ ਰੱਖੇ ਜਾਣ ਪੜਤਾਲ ਮੌਕੇ ਧਿਆਨ 'ਚ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਜ਼ਿਲ੍ਹੇ 'ਚ ਚੱਲ ਰਹੀ ਸਮਾਰਟ ਰਾਸ਼ਨ ਕਾਰਡ ਪੜਤਾਲ ਮੁਹਿੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਆਖਿਆ ਕਿ 5 ਲੱਖ ਜਾਂ ਇਸ ਤੋਂ ਉੱਪਰ ਵਾਲੇ ਜੇ-ਫ਼ਾਰਮ ਧਾਰਕਾਂ ਅਤੇ ਵਪਾਰਕ ਬਿਜਲੀ ਕੁਨੈਕਸ਼ਨ ਧਾਰਕਾਂ ਨੂੰ ਵੀ ਸਮਾਰਟ ਰਾਸ਼ਨ ਕਾਰਡ ਧਾਰਕਾਂ ਦੀ ਪੜਤਾਲ ਮੌਕੇ ਧਿਆਨ 'ਚ ਰੱਖਿਆ ਜਾਵੇ ਕਿ ਕਿਧਰੇ ਉਹ ਵੀ ਸਰਕਾਰ ਵੱਲੋਂ ਨਿਰਧਾਰਿਤ ਆਮਦਨੀ ਵਾਲੇ ਮਾਪਦੰਡ ਦੀ ਉਲੰਘਣਾ 'ਚ ਤਾਂ ਨਹੀਂ ਆਉਂਦੇ।ਜ਼ਿਲ੍ਹੇ ਦੇ ਉਪ ਮੰਡਲ ਮੈਜਿਸਟ ?ਰੇਟ, ਜ਼ਿਲ੍ਹਾ ਕੰਟਰੋਲਰ ਖੁਰਾਕ ਤੇ ਸਪਲਾਈ ਵਿਭਾਗ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਅਤੇ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫ਼ਸਰਾਂ ਪਾਸੋਂ ਪੜਤਾਲ ਮੁਹਿੰਮ ਦੀ ਪ੍ਰਗਤੀ ਦਾ ਵੇਰਵਾ ਲੈਂਦਿਆਂ, ਉਨ੍ਹਾਂ ਕਿਹਾ ਕਿ ਜੇ-ਫ਼ਾਰਮ ਧਾਰਕਾਂ ਅਤੇ ਵਪਾਰਕ ਬਿਜਲੀ ਕੁਨੈਕਸ਼ਨ ਧਾਰਕਾਂ ਸਬੰਧੀ ਪ੍ਰਾਪਤ ਸੂਚੀਆਂ ਦੇ ਆਧਾਰ 'ਤੇ ਇਸ ਪੜਤਾਲ ਨੂੰ ਜਲਦ ਮੁਕੰਮਲ ਕੀਤਾ ਜਾਵੇ।ਉਨ੍ਹਾਂ ਨੇ ਇਸ ਸਬੰਧੀ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰੇਨੂੰ ਬਾਲਾ ਵਰਮਾ ਨੂੰ ਜ਼ਿਲ੍ਹਾ ਲੈਂਡ ਰਿਕਾਰਡ ਸੁਸਾਇਟੀ ਨਾਲ ਸਬੰਧਤ ਸਟਾਫ਼ ਦੀ ਮੱਦਦ ਲੈਣ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਪੜਤਾਲ ਦੌਰਾਨ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਮਾਪਦੰਡ ਪੂਰੇ ਕਰਦੇ ਲਾਭਪਾਤਰੀ ਹੀ ਸਮਾਰਟ ਰਾਸ਼ਨ ਕਾਰਡ ਧਾਰਕਾਂ ਦੀ ਸੂਚੀ 'ਚ ਰੱਖੇ ਜਾਣ ਅਤੇ ਜੋ ਸ਼ਰਤਾਂ ਪੂਰੀਆਂ ਨਹੀਂ ਕਰਦੇ ਜਾਂ ਜਿਨ੍ਹਾਂ ਦੇ ਪਤੇ ਸਪੱਸ਼ਟ ਨਹੀਂ, ਉਨ੍ਹਾਂ ਨੂੰ ਸਕੀਮ 'ਚੋਂ ਬਾਹਰ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਉਪ ਮੰਡਲ ਮੈਜਿਸਟ ?ਰੇਟਾਂ ਦੀ ਨਿਗਰਾਨੀ ਹੇਠ ਚੱਲ ਰਹੀ ਇਸ ਪੜਤਾਲ ਦੌਰਾਨ ਪੇਂਡੂ ਇਲਾਕਿਆਂ 'ਚ ਸਬੰਧਤ ਪਟਵਾਰੀ ਵੱਲੋਂ ਮਾਲ ਰਿਕਾਰਡ ਦੀ ਤਸਦੀਕ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀਆਂ ਵੱਲੋਂ ਹੋਰਨਾਂ ਸ਼ਰਤਾਂ ਦੀ ਪਾਲਣਾ ਦੀ ਪੜਤਾਲ ਤਹਿਤ ਚੱਲ ਰਹੀ ਹੈ ਜਦਕਿ ਸ਼ਹਿਰਾਂ 'ਚ ਕਾਰਜ ਸਾਧਕ ਅਫ਼ਸਰਾਂ/ਸਥਾਨਕ ਸਰਕਾਰ ਸੰਸਥਾਂਵਾਂ ਨੂੰ ਇਹ ਜ਼ਿੰਮੇਂਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਹਰ ਵਿਭਾਗ ਸਰਕਾਰ ਵੱਲੋਂ ਸੌਂਪੇ ਇਸ ਕਾਰਜ ਨੂੰ ਮਿੱਥੇ ਸਮੇਂ 'ਚ ਮੁਕੰਮਲ ਕਰੇ ਅਤੇ ਹਰ ਦੋ ਹਫ਼ਤੇ ਬਾਅਦ ਹੋਣ ਵਾਲੀ ਜਾਇਜ਼ਾ ਮੀਟਿੰਗ 'ਚ ਆਪਣੀ ਪ੍ਰਗਤੀ ਦੱਸੇ।ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰੇਨੂੰ ਬਾਲਾ ਵਰਮਾ ਨੇ ਦੱਸਿਆ ਕਿ ਜ਼ਿਲ੍ਹੇ 'ਚ ਸਮਾਰਟ ਕਾਰਡ ਰਾਸ਼ਨ ਕਾਰਡ ਸਕੀਮ ਤਹਿਤ 90982 ਪਰਿਵਾਰ ਰਜਿਸਟ ?ਰਡ ਹਨ, ਜਿਨ੍ਹਾਂ ਦੀ ਪੜਤਾਲ ਪ੍ਰਗਤੀ ਅਧੀਨ ਹੈ।



ਪੜਤਾਲ ਦੌਰਾਨ ਇਹ ਯਕੀਨੀ ਬਣਾਇਆ ਜਾਣਾ ਹੈ ਕਿ ਸਬੰਧਤ ਜਨਰਲ/ਐਸ ਸੀ/ਬੀ ਸੀ ਪਰਿਵਾਰ ਦੀ ਸਲਾਨਾ ਆਮਦਨ ਸ੍ਰੇਣੀਵਾਰ 30 ਹਜ਼ਾਰ ਅਤੇ 60 ਹਜ਼ਾਰ ਤੋਂ ਵੱਧ ਨਾ ਹੋਵੇ, ਰਾਸ਼ਨ ਕਾਰਡ ਧਾਰਕ ਜਾਂ ਪਰਿਵਾਰ ਦਾ ਕੋਈ ਮੈਂਬਰ ਸਰਕਾਰੀ ਨੌਕਰੀ ਨਾ ਕਰਦਾ ਹੋਵੇ, ਉਸ ਦੇ ਪਰਿਵਾਰ ਕੋਲ ਢਾਈ ਏਕੜ ਨਹਿਰੀ/ਚਾਹੀ ਜਾਂ 5 ਏਕੜ ਤੋਂ ਵੱਧ ਬਰਾਨੀ ਜ਼ਮੀਨ ਨਾ ਹੋਵੇ, ਕਿਸੇ ਕਾਰੋਬਾਰ ਜਾਂ ਕਿਰਾਏ ਜਾਂ ਵਿਆਜ ਤੋਂ 60 ਹਜ਼ਾਰ ਤੋਂ ਵਧੇਰੇ ਸਲਾਨਾ ਆਮਦਨ ਦੀ ਰਿਪੋਰਟ, ਸ਼ਹਿਰੀ ਖੇਤਰ 'ਚ 100 ਵਰਗ ਗਜ਼ ਤੋਂ ਵੱਧ ਦਾ ਰਿਹਾਇਸ਼ੀ ਮਕਾਨ /750 ਵਰਗ ਫੁੱਟ ਤੋਂ ਵੱਧ ਦਾ ਫਲੈਟ ਨਾ ਹੋਵੇ, ਕਾਰਡ ਧਾਰਕ ਜਾਂ ਪਰਿਵਾਰ ਦਾ ਕੋਈ ਮੈਂਬਰ ਆਮਦਨ ਕਰ ਦਾਤਾ/ਵੈਟ ਐਕਟ 2005/ਜੀ ਐਸ ਟੀ ਅਧੀਨ ਰਜਿਸਟ ?ਰਡ ਹੈ ਤਾਂ ਉਸ ਸਬੰਧੀ ਰਿਪੋਰਟ, ਰਾਸ਼ਨ ਕਾਰਡ ਧਾਰਕ ਜਾਂ ਉਸ ਦੇ ਪਰਿਵਾਰ ਕੋਲ ਚਾਰ ਪਹੀਆ ਗੱਡੀ, ਏ ਸੀ ਹੋਣ ਸਬੰਧੀ ਰਿਪੋਰਟ ਕੀਤੀ ਜਾਣੀ ਹੈ।ਉਨ੍ਹਾਂ ਦੱਸਿਆ ਕਿ ਐਚ ਆਈ ਵੀ/ਏਡਜ਼ ਪ੍ਰਭਾਵਿਤ, ਫੀਮੇਲ ਸੈਕਸ ਵਰਕਰ ਅਤੇ ਕੋਵਿਡ ਦੌਰਾਨ ਜਿਹੜੇ ਬੱਚਿਆਂ ਦੇ ਮਾਤਾ/ਪਿਤਾ ਜਾਂ ਪਰਿਵਾਰ ਦੇ ਮੁਖੀ ਦੀ ਮੌਤ ਹੋ ਗਈ ਸੀ, ਨਾਲ ਸਬੰਧਤ ਸ੍ਰੇਣੀਆਂ ਦੇ ਲਾਭਪਾਤਰੀਆਂ ਨੂੰ ਵੈਰੀਫ਼ਿਕੇਸ਼ਨ ਤੋਂ ਛੋਟ ਦਿੱਤੀ ਗਈ ਹੈ।ਮੀਟਿੰਗ 'ਚ ਐਸ ਡੀ ਐਮ ਨਵਾਂਸ਼ਹਿਰ (ਵਾਧੂ ਚਾਰਜ ਬੰਗਾ) ਮੇਜਰ ਸ਼ਿਵਰਾਜ ਸਿੰਘ ਬੱਲ, ਬੀ ਡੀ ਪੀ ਓਜ਼ ਰਾਜਵਿੰਦਰ ਕੌਰ ਨਵਾਂਸ਼ਹਿਰ, ਹੇਮਰਾਜ ਔੜ, ਈ ਓ ਸੁਖਦੇਵ ਸਿੰਘ ਬੰਗਾ, ਰਾਮ ਪ੍ਰਕਾਸ਼ ਨਵਾਂਸ਼ਹਿਰ ਤੇ ਭਜਨ ਚੰਦ ਬਲਾਚੌਰ ਤੇ ਹੋਰ ਅਧਿਕਾਰੀ ਮੌਜੂਦ ਸਨ।

# ‘ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜ਼ਮ’ ਤਹਿਤ ਬਣੀ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ

## ਡੀ ਸੀ ਵੱਲੋਂ ਕਮੇਟੀ ਦੇ ਭਾਗੀਦਾਰਾਂ ਨੂੰ ਨਸ਼ਾਖੋਰੀ ਦੀ ਰੋਕਥਾਮ ਲਈ ਆਪਸੀ ਤਾਲਮੇਲ ਤੇ ਵਿਚਾਰ-ਵਟਾਂਦਰੇ ਨੂੰ ਵਧਾਉਣ ਦੀ ਲੋੜ ’ਤੇ ਜ਼ੋਰ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**
‘ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜ਼ਮ’ ਤਹਿਤ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਹੋਈ ਮੀਟਿੰਗ ’ਚ ਕਮੇਟੀ ਦੇ ਸਮੂਹ ਭਾਗੀਦਾਰਾਂ ਨੂੰ ਨਸ਼ਾਖੋਰੀ ਦੀ ਰੋਕਥਾਮ ਲਈ ਆਪਸੀ ਤਾਲਮੇਲ ਅਤੇ ਵਿਚਾਰ-ਵਟਾਂਦਰੇ ਨਾਲ ਕੰਮ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ।ਡਿਪਟੀ ਕਮਿਸ਼ਨਰ, ਐਸ ਪੀ, ਡਿਪਟੀ ਮੈਡੀਕਲ ਕਮਿਸ਼ਨਰ, ਮੁੱਖ ਖੇਤੀਬਾੜੀ ਅਫ਼ਸਰ, ਵਣ ਵਿਭਾਗ, ਸਿਖਿਆ ਵਿਭਾਗ, ਉੱਪ ਮੰਡਲ ਮੈਜਿਸਟ ?ਰੇਟ, ਸਮਾਜਿਕ ਨਿਆਂ ਅਧਿਕਾਰੀ ’ਤੇ ਆਧਾਰਿਤ ਇਸ ਕਮੇਟੀ ਦਾ ਮੰਤਵ ਨਸ਼ਾ ਤਸਕਰੀ ਦੇ ਰੁਝਾਨਾਂ ਸਬੰਧੀ ਸੂਚਨਾ ਦਾ ਆਦਾਨ ਪ੍ਰਦਾਨ, ਪੋਸਤ ਤੇ ਭੰਗ ਦੀ ਨਜਾਇਜ਼ ਖੇਤੀ ’ਤੇ ਨਿਗਰਾਨੀ, ਅੰਤਰ ਰਾਜੀ ਮਾਮਲਿਆਂ ਦੀ ਪੜਤਾਲ ਦੀ ਨਿਗਰਾਨੀ, ਸਕੂਲਾਂ ਤੇ ਕਾਲਜਾਂ ’ਚ ਨਸ਼ੇ ਦੀ ਵਰਤੋਂ ਖ਼ਿਲਾਫ਼ ਜਾਗਰੂਕਤਾ ਗਤੀਵਿਧੀਆਂ, ਗੈਰ-ਕਾਨੂੰਨੀ ਨਸ਼ਿਆਂ ਦੀ ਕਾਸ਼ਤ ਅਤੇ ਨਸ਼ਿਆਂ ਦੇ ਖਤਰਨਾਕ ਪ੍ਰਭਾਵਾਂ ਵਾਲੇ ਥਾਂਵਾਂ ’ਚ ਜਾਗਰੂਕਤਾ ਪ੍ਰੋਗਰਾਮ, ਅਜਿਹੇ ਇਲਾਕਿਆਂ ’ਚ ਬਦਲਵੇਂ ਵਿਕਾਸ ਕਾਰਜਾਂ ਨੂੰ ਉਤਸ਼ਾਹਿਤ ਕਰਨਾ, ਨਸ਼ਿਆਂ ਦੇ ਸੁਰਾਗ ਲਈ ਲੋੜੀਂਦੇ ਸਾਧਨਾਂ ਦਾ ਪ੍ਰਸਤਾਵ ਤਿਆਰ ਕਰਕੇ ਭੇਜਣਾ, ਜ਼ਿਲ੍ਹੇ ’ਚ ਨਸ਼ਾ-ਛੁਡਾਊ ਤੇ ਮੁੜ-ਵਸੇਬਾ ਗਤੀਵਿਧੀਆਂ ’ਤੇ ਨਜ਼ਰ ਰੱਖਣਾ ਤੇ ਨਸ਼ਿਆਂ ਦੀ ਰੋਕਥਾਮ ਨਾਲ ਸਬੰਧਤ ਹੋਰ ਗਤੀਵਿਧੀਆਂ ਕਰਨਾ ਸ਼ਾਮਿਲ ਹੈ।ਡਿਪਟੀ ਕਮਿਸ਼ਨਰ ਨੇ ਇਸ ਮੌਕੇ ਜ਼ਿਲ੍ਹਾ ਪੁਲਿਸ ਨੂੰ ਨਸ਼ਾ-ਪ੍ਰਭਾਵਿਤ ‘ਹਾਟ-ਸਪਾਟ’ ਖੇਤਰਾਂ ’ਚ ਸਰਗਰਮ ਨਸ਼ਾ ਤਸਕਰਾਂ ਦੀ ਸੂਚੀ ਬਣਾਉਣ, ਉਨ੍ਹਾਂ ’ਤੇ ਕਾਰਵਾਈ ਕਰਨ, ਇਨ੍ਹਾਂ ਖੇਤਰਾਂ ’ਚ ਪੈਂਦੇ ਸਕੂਲਾਂ ’ਚ ਸਵੇਰ ਦੀ ਸਭਾ ਦੌਰਾਨ ਜਾਗਰੂਕਤਾ ਭਾਸ਼ਣ ਦੇਣ, ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ, ਓਟ ਸੈਂਟਰਾਂ ਅਤੇ ਮੁੜ-ਵਸੇਬਾ ਸੈਂਟਰਾਂ ਵੱਲੋਂ ਦਿੱਤੀ ਜਾਂਦੀ ਦਵਾਈ ਅਤੇ ਇਲਾਜ ਦੀ ਸਫ਼ਲਤਾ ਦਰ ਦਾ ਜਾਇਜ਼ਾ ਲੈਣ, ਨਸ਼ਾ ਮੁਕਤ ਐਲਾਨੇ ਪਿੰਡਾਂ ’ਚ ਨਸ਼ਾ-ਮੁਕਤੀ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨ ਲਈ ਪ੍ਰੋਗਰਾਮ ਉਲੀਕਣ ਅਤੇ ਲਾਗੂ ਕਰਨ ਲਈ ਆਖਿਆ।ਜ਼ਿਲ੍ਹਾ ਪੁਲਿਸ ਦੇ ਡੀ ਐਸ ਪੀ (ਪੀ ਬੀ ਆਈ ਅਤੇ ਨਾਰਕੋਟਿਕਸ) ਅਮਰ ਨਾਥ ਨੇ ਇਸ ਮੌਕੇ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਕੀਤੀ ਗਈ ਕਾਰਵਾਈ ਦੀ ਪ੍ਰਗਤੀ ਰਿਪੋਰਟ ਡਿਪਟੀ ਕਮਿਸ਼ਨਰ ਨੂੰ ਪੇਸ਼ ਕਰਦਿਆਂ ਦੱਸਿਆ ਕਿ ਜ਼ਿਲ੍ਹੇ ’ਚ ਦਸੰਬਰ ਮਹੀਨੇ ਦੌਰਾਨ 35 ਐਨ ਡੀ ਪੀ ਐਸ ਐਕਟ ਦੇ ਮੁਕੱਦਮੇ ਦਰਜ ਕਰਕੇ 43 ਮੁਲਜ਼ਮਾਂ ਨੂੰ ਗਿ ?ਰਫ਼ਤਾਰ ਕੀਤਾ ਗਿਆ। ਇਨ੍ਹਾਂ ਪਾਸੋਂ ਕੁੱਲ 1153 ਗ੍ਰਾਮ ਹੈਰੋਇਨ, 210 ਗ੍ਰਾਮ ਅਫ਼ੀਮ, 8 ਕਿਲੋਗ੍ਰਾਮ ਡੋਡੇ ਚੂਰਾ-ਪੋਸਤ, 38 ਨਸ਼ੀਲੇ ਟੀਕੇ, 1142 ਨਸ਼ੀਲੀਆਂ ਗੋਲੀਆਂ, 90 ਗ੍ਰਾਮ ਆਈਸ ਡਰੱਗ ਅਤੇ ਇੱਕ ਵਾਹਨ ਬਰਾਮਦ ਕੀਤਾ ਗਿਆ। ਇਸ ਦੌਰਾਨ 37 ਮੁਲਜ਼ਮਾਂ ਨੂੰ ਅਦਾਲਤ ’ਚ ਪੇਸ਼ ਕੀਤਾ ਗਿਆ ਜਦਕਿ 13 ਨੂੰ ਸਜ਼ਾ ਹੋਈ।ਇਸੇ ਤਰ੍ਹਾਂ ਜ਼ਿਲ੍ਹਾ ਪੁਲਿਸ ਵੱਲੋਂ 12 ਸਕੂਲਾਂ, 3 ਕਾਲਜਾਂ, 27 ਆਬਾਦੀਆਂ (ਪਿੰਡ/ਮੁਹੱਲੇ), ਤਿੰਨ ਆਇਲੈਟਸ ਸੈਂਟਰਾਂ, ਬੱਸ ਸਟੈਂਡ ਸਮੇਤ 55 ਥਾਂਵਾਂ ’ਤੇ ਜਾਗਰੂਕਤਾ ਸੈਮੀਨਾਰ ਕੀਤੇ ਗਏ। ਉਨ੍ਹਾਂ ਦੱਸਿਆ ਕਿ 2017 ਤੋਂ 2021 ਤੱਕ 251 ਲੱਖ ਰੁਪਏ ਤੋਂ ਵਧੇਰੇ ਦੀ ਨਸ਼ਾ ਤਸਕਰਾਂ ਦੀ ਜਾਇਦਾਦ ਅਟੈਚ ਕਰਵਾਈ ਗਈ ਹੈ।ਡਿਪਟੀ ਕਮਿਸ਼ਨਰ ਨੇ ਨਸ਼ਾ ਤਸਕਰਾਂ ਦੀ ਜਾਇਦਾਦ ਅਟੈਚ ਕਰਵਾਉਣ ਦੀ ਕਾਰਵਾਈ ਦੀ ਸ਼ਲਾਘਾ ਕਰਦਿਆਂ, 2021 ਤੋਂ ਬਾਅਦ ਵਾਲੇ ਮਾਮਲਿਆਂ ’ਚ ਵੀ ਜਾਇਦਾਦ ਅਟੈਚ ਕਰਵਾਉਣ ਦੀ ਕਾਰਵਾਈ ’ਚ ਤੇਜ਼ੀ ਲਿਆਉਣ ਲਈ ਆਖਿਆ।ਮੀਟਿੰਗ ’ਚ ਐਸ ਡੀ ਐਮ ਨਵਾਂਸ਼ਹਿਰ ਤੇ ਬੰਗਾ ਮੇਜਰ ਸ਼ਿਵਰਾਜ ਸਿੰਘ ਬੱਲ, ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਵਿੰਦਰ ਚੋਪੜਾ, ਸਹਾਇਕ ਸਿਵਲ ਸਰਜਨ ਡਾ. ਜਸਦੇਵ ਸਿੰਘ, ਸਿਖਿਆ ਵਿਭਾਗ ਤੇ ਵਣ ਵਿਭਾਗ ਦੇ ਪ੍ਰਤੀਨਿਧ ਸ਼ਾਮਿਲ ਸਨ।

# ਵਾਰਡ ਨੰਬਰ 29 ਦੇ ਅੰਬੇਦਕਰ ਨਗਰ ਵਿਖੇ ਇਲਾਕਾ ਨਿਵਾਸੀਆਂ ਵੱਲੋਂ ਪਿੱਪਲੀ ਚੌਕ ਤੋ ਇਸਟਮੈਂਨ ਚੌਂਕ ਨੂੰ ਜਾਂਦਾ ਰਸਤਾ ਕੀਤਾ ਜਾਮ

## ਮਾਮਲਾ ਸਕੂਲ ਦੀ ਛੱਤ ਤੇ ਲੱਗੇ ਟਾਵਰ ਸੰਬੰਧੀ





**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ**
ਵਾਰਡ ਨੰਬਰ 29 ਦੇ ਅੰਬੇਦਕਰ ਨਗਰ ਦੇ ਇਲਾਕਾ ਪ੍ਰੇਮ-ਨਗਰ ਵਿਖੇ ਪਿਛਲੇ 10-12 ਦਿਨਾਂ ਤੋਂ ਲੱਗੇ ਸ੍ਰਿਸ਼ਟੀ ਸਕੂਲ ਦੀ ਛੱਤ ਤੇ ਮੋਬਾਈਲ ਟਾਵਰ ਨੂੰ ਲੈ ਕੇ ਇਲਾਕਾ ਨਿਵਾਸੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਇਲਾਕੇ ਦੇ ਰਹਿਣ ਵਾਲੇ ਲੋਕਾਂ ਵੱਲੋਂ ਪਿੱਪਲ ਚੌਕ ਤੋ ਇਸਟਮੈਂਨ ਚੌਂਕ ਨੂੰ ਮੇਨ ਜਾਣ ਵਾਲਾ ਰਸਤਾ ਜਾਮ ਕਰ ਦਿੱਤਾ ਗਿਆ ਜਿਸ ਨਾਲ ਰਾਹਗੀਰਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਇਲਾਕਾ ਨਿਵਾਸੀਆਂ ਵੱਲੋਂ ਕੀਤੇ ਰੋਡ ਜਾਮ ਤੇ ਲਾਏ ਧਰਨੇ ਦੌਰਾਨ ਸਕੂਲ ਦੀ ਪ੍ਰਿੰਸੀਪਲ ਖ਼ ?ਲਾਫ਼ ਮੁਰਦਾਬਾਦ ਦੇ ਨਾਅਰੇ ਲਗਾਏ ਗਏ ਸਕੂਲ ਦੇ ਮਾਲਕਾਂ ਵੱਲੋਂ ਲਗਾਇਆ ਗਿਆ ਇਹ ਮੋਬਾਈਲ ਟਾਵਰ ਰਿਹਾਇਸ਼ੀ ਇਲਾਕੇ ਵਿਚ ਲਗਾ ਹੋਇਆ ਹੈ ਜਿਸ ਦੇ ਰੇਡੀਏਸ਼ਨ ਕਾਰਨ ਕਈ ਤਰ੍ਹਾਂ ਦਾ ਖ਼ਤਰਾ ਪੈਦਾ ਹੋ ਸਕਦਾ ਹੈ ਅਤੇ ਇਲਾਕੇ ਦੇ ਰਹਿਣ ਵਾਲੇ ਲੋਕਾਂ ਦੇ ਨਾਲ ਨਾਲ ਸਕੂਲ ਵਿਚ ਆ ਰਹੇ ਸਿੱਖਿਆ ਪ੍ਰਾਪਤ ਕਰਨ ਛੋਟੇ ਬੱਚੇ ਵੀ ਇਸ ਮੋਬਾਈਲ ਟਾਵਰ ਦੀ ਰੇਡੀਏਸ਼ਨ ਦਾ ਸ਼ਿਕਾਰ ਹੋ ਸਕਦੇ ਹਨ ਚੰਦ ਪੈਸਿਆਂ ਦੇ ਲਾਲਚ ਲਈ ਸਕੂਲ ਦੀ ਪ੍ਰਿੰਸੀਪਲ ਕਈ ਜਾਨਾਂ ਨਾਲ ਖੇਡ ਰਹੀ ਹੈ ਇਸ ਮੌਕੇ ਤੇ ਇਲਾਕੇ ਦੇ ਰਹਿਣ ਵਾਲੀ ਜਸਬੀਰ ਕੌਰ ਪ੍ਰਧਾਨ ਮਹਿਲਾ ਮੰਡਲ ਕਿਰਨਾ,ਮਨਸਾ,ਸੰਗੀਤਾ, ਮਾਧੁਰੀ, ਦੇਬੀ, ਨਿਰਮਲਾ, ਸੰਤੋਸ਼, ਸੁਰੇਸ਼, ਰਾਜ ਕੁਮਾਰ ਆਦਿ ਨੇ ਕਿਹਾ ਕਿ ਪ੍ਰੇਮ ਨਗਰ ਦੇ ਸ੍ਰਿਸ਼ਟੀ ਸਕੂਲ ਵਿਚ ਪ੍ਰਿੰਸੀਪਲ ਵੱਲੋਂ ਸਕੂਲ ਦੀ ਛੱਤ ਤੇ ਮੋਬਾਈਲ ਟਾਵਰ ਲਗਾਇਆ ਗਿਆ ਹੈ ਜੋ ਕਿ ਅੱਜ ਤੋਂ10-12 ਦਿਨ ਪਹਿਲਾਂ ਲਗਾਇਆ ਜਾ ਰਿਹਾ ਸੀ ਜਿਸ ਦਾ ਉਹਨਾਂ ਵੱਲੋਂ ਟਾਵਰ ਨਾ ਲੱਗਣ ਤੇ ਵਿਰੋਧ ਕੀਤਾ ਗਿਆ ਪਰ ਸਕੂਲ ਦੀ ਪ੍ਰਿੰਸੀਪਲ ਅਤੇ ਉਸ ਦੇ ਲੜਕੇ ਵੱਲੋਂ ਛੱਤ ਤੇ ਖੜੇ ਹੋ ਕੇ ਇਲਾਕਾ ਨਿਵਾਸੀਆਂ ਨੂੰ ਗਾਲੀ-ਗਲੋਚ ਕਰਨਾ ਅਤੇ ਤਲਵਾਰ ਦਿਖਾ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਇਸ ਸਬੰਧੀ ਉਹਨਾਂ ਨੇ ਵਾਰਡ ਦੇ ਕੌਂਸਲਰ ਪ੍ਰਭਜੀਤ ਕੌਰ ਅਤੇ ਗਿਆਸਪੁਰਾ ਦੇ ਥਾਣਾ ਇੰਚਾਰਜ ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ ਹੈ ਪਰ ਪੁਲਿਸ ਪ੍ਰਸ਼ਾਸ਼ਨ ਵੱਲੋਂ ਸਕੂਲ ਦੀ ਪ੍ਰਿੰਸੀਪਲ ਦੇ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਗਈ ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਹਲਕੇ ਦੀ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਨੂੰ ਵੀ ਜਾਣਕਾਰੀ ਦਿੱਤੀ ਗਈ ਪਰ ਫਿਰ ਵੀ ਉਨ੍ਹਾਂ ਦੇ ਕੰਨ ਤੇ ਜੂੰ ਨਹੀਂ ਸਰਕੀ ਇਲਾਕਾ ਨਿਵਾਸੀਆਂ ਵੱਲੋ ਇਹ ਕਿਹਾ ਗਿਆ ਕਿ ਅੱਜ ਮਜਬੂਰਨ ਉਨ੍ਹਾਂ ਨੂੰ ਪਿੱਪਲ ਚੌਕ ਤੋ ਇਸਟਮੈਂਨ ਚੌਂਕ ਨੂੰ ਜਾਂਦਾ ਰਸਤਾ ਬੰਦ ਕਰਨਾ ਪਿਆ ਇਸ ਮੌਕੇ ਤੇ ਜਸਬੀਰ ਕੌਰ ਪ੍ਰਧਾਨ ਮਹਿਲਾ ਮੰਡਲ ਵੱਲੋਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਹਲਕੇ ਦੀ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਉਨ੍ਹਾਂ ਦੇ ਵਾਰਡ ਦੀ ਕਦੀ ਕੋਈ ਸੁੱਧ-ਬੁੱਧ ਨਹੀਂ ਲਈ ਅਤੇ ਨਾ ਹੀ ਉਨ੍ਹਾਂ ਦੀ ਕੋਈ ਸਮੱਸਿਆ ਨੂੰ ਹੱਲ ਕੀਤਾ ਹੈ ਇਸ ਮੌਕੇ ਤੇ ਪ੍ਰਧਾਨ ਜਸਬੀਰ ਕੌਰ ਨੇ ਬੋਲਦਿਆਂ ਇਹ ਵੀ ਕਿਹਾ ਕਿ ਸਕੂਲ ਦੀ ਛੱਤ ਤੇ ਲੱਗੇ ਹੋਏ ਇਸ ਟਾਵਰ ਨੂੰ ਅਗਰ ਜਲਦ ਤੋਂ ਜਲਦ ਨਾ ਹਟਾਇਆ ਗਿਆ ਤਾਂ ਉਹ ਜਲਦ ਹੀ ਹਲਕਾ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਦੇ ਮੁੱਖ ਦਫ਼ਤਰ ਅੱਗੇ ਬੈਠ ਕੇ ਧਰਨਾ ਦੇਣ ਨੂੰ ਮਜਬੂਰ ਹੋ ਜਾਣਗੇ ਅਤੇ ਇਹ ਧਰਨਾ ਉਦੋਂ ਹੀ ਹਟਾਇਆ ਜਾਵੇਗਾ ਜਦੋਂ ਇਹ ਟਾਵਰ ਹਟੇਗਾ

ਇਸ ਸਬੰਧੀ ਜਾਣਕਾਰੀ ਮਿਲਦੇ ਹੀ ਹਲਕਾ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 29 ਆਪ ਦੇ ਆਗੂ ਬੀ ਐਲ ਯਾਦਵ ਨੂੰ ਮੌਕੇ ਤੇ ਭੇਜ ਇਲਾਕਾ ਨਿਵਾਸੀਆ ਵੱਲੋ ਲਗਾਏ ਗਏ ਇਸ ਧਰਨੇ ਨੂੰ ਟਾਵਰ ਹਟਾਉਣ ਦਾ ਆਸ਼ਵਾਸਨ ਦੇ ਧਰਨੇ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਲਾਕਾ ਨਿਵਾਸੀਆਂ ਵੱਲੋਂ ਆਪ ਦੇ ਆਗੂ ਬੀ ਐਲ ਯਾਦਵ ਨੂੰ ਸਵਾਲਾਂ ਚ ਘੇਰ ਕਿਹਾ ਗਿਆ ਕਿ ਹਲਕਾ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਅੱਜ ਤੱਕ ਕੋਈ ਵੀ ਕੰਮ ਨਹੀਂ ਕੀਤਾ ਗਿਆ ਅਤੇ ਨਾ ਹੀ ਉਨ੍ਹਾਂ ਵੱਲੋਂ ਉਹਨਾਂ ਦੀ ਵਾਰਡ ਵਿਚ ਕਦੀ ਧਿਆਨ ਦਿੱਤਾ ਹੈ ਇਸ ਦੌਰਾਨ ਮੌਕੇ ਤੇ ਪੁਲਿਸ ਅਧਿਕਾਰੀ ਵੀ ਪਹੁੰਚ ਗਏ ਜਿਨ੍ਹਾਂ ਨੇ ਇਲਾਕਾ ਨਿਵਾਸੀਆਂ ਨੂੰ ਸਕੂਲ ਦੀ ਛੱਤ ਤੇ ਲੱਗੇ ਟਾਵਰ ਨੂੰ ਲੈ ਕੇ ਸੜਕ ਤੇ ਲੱਗੇ ਧਰਨੇ ਨੂੰ ਹਟਾਉਣ ਦੀ ਗੱਲ ਕੀਤੀ ਅਤੇ ਸਕੂਲ ਦੀ ਛੱਤ ਤੇ ਲੱਗੇ ਟਾਵਰ ਦੇ ਮਾਮਲੇ ਦੀ ਜਾਂਚ ਕਰ ਬਣਦੀ ਕਾਰਵਾਈ ਕਰਨ ਦੀ ਗੱਲ ਕੀਤੀ ਪੁਲਿਸ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕਰਨ ਦੇ ਮਿਲੇ ਆਸ਼ਵਾਸਨ ਤੌਂ ਹੀ ਇਲਾਕਾ ਨਿਵਾਸੀਆਂ ਨੇ ਧਰਨੇ ਨੂੰ ਹਟਾਇਆ ਗਿਆ ਓਧਰ ਇਸ ਸਬੰਧੀ ਜਦ ਜਾਂਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ ਜੇਕਰ ਇਹ ਸਕੂਲ ਦੀ ਛੱਤ ਤੇ ਲੱਗਾ ਮੋਬਾਈਲ ਟਾਵਰ ਅਨ-ਲੀਗਲ ਪਾਇਆ ਜਾਵੇਗਾ ਤਾਂ ਇਸ ਨੂੰ ਜਲਦ ਤੋਂ ਜਲਦ ਹਟਾਇਆ ਜਾਵੇਗਾ

# ਸਲੋਗਨ ਲਿਖ ਕੇ ਵੋਟ ਪਾਉਣ ਬਾਰੇ ਕੀਤਾ ਜਾਗਰੂਕ

**ਜਲੰਧਰ/ਰਾਕੇਸ਼ ਵਰਮਾ**

ਡਿਪਸ ਕਾਲਜ ਆਫ਼ ਐਜੂਕੇਸ਼ਨ ਰਾੜਾ-ਮੋੜ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ, ਇਸ ਦੌਰਾਨ ਵਿਦਿਆਰਥੀਆਂ ਲਈ ਵੋਟਿੰਗ ਸਬੰਧੀਸਲੋਗਨ ਅਤੇ ਕੁਇਜ਼ ਗਤੀਵਿਧੀਆਂ ਕਰਵਾਈਆਂ ਗਈਆਂ। ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਕੁਇਜ਼ ਮੁਕਾਬਲੇ ਦੌਰਾਨ ਬੱਚਿਆਂ ਤੋਂ ਲੋਕ ਸਭਾ, ਰਾਜ ਸਭਾ ਸੀਟਾਂ, ਵੋਟਿੰਗ ਪ੍ਰਕਿਰਿਆ ਆਦਿ ਨਾਲ ਸਬੰਧਤ ਸਵਾਲ ਪੁੱਛੇ ਗਏ। ਸਲੋਗਨ ਗਤੀਵਿਧੀ ਦੌਰਾਨ ਬੱਚਿਆਂ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਸਲੋਗਨ ਲਿਖੇ ਅਤੇ ਦੱਸਿਆ ਕਿ ਵੋਟਿੰਗ ਸਾਡੇ ਲਈ ਬਹੁਤ ਜ਼ਰੂਰੀ ਹੈ। ਇਸ ਦੌਰਾਨ ਸੀਨੀਅਰਜ਼ ਨੇ ਆਪਣੇ ਜੂਨੀਅਰਾਂ ਨੂੰ ਆਪਣੇ ਵੋਟ ਆਈਡੀ ਕਾਰਡ ਬਣਾਉਣ ਲਈ ਪ੍ਰੇਰਿਤ ਕੀਤਾ।

ਜਾਣਕਾਰੀ ਦਿੰਦਿਆਂ ਅਧਿਆਪਕਾਂ ਨੇ ਦੱਸਿਆ ਕਿ ਨੌਜਵਾਨ ਆਪਣੀ ਵੋਟ ਬਣਵਾਉਣ ਲਈ ਆਪਣੇ ਇਲਾਕੇ ਦੇ ਬੀ.ਐਲ.ਓ ਨਾਲ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ ਉਹ ਵੋਟਰ ਐਪ, ਹੈਲਪਲਾਈਨ 'ਤੇ ਕਾਲ ਕਰਕੇ ਵੀ ਸੰਪਰਕ ਕਰ ਸਕਦਾ ਹੈ। ਇਹ ਕਾਰਡ ਨਾ ਸਿਰਫ਼ ਵੋਟ ਪਾਉਣ ਲਈ ਵਰਤਿਆ ਜਾਂਦਾ ਹੈ ਬਲਕਿ ਇਹ ਤੁਹਾਡਾ ਪਛਾਣ ਪੱਤਰ ਵੀ ਹੈ। ਇਹ ਸਾਡੇ ਦੇਸ਼ ਵਿੱਚ ਬਹੁਤ ਸਾਰੇ ਸਰਕਾਰੀ ਕੰਮਾਂ ਲਈ ਵਰਤਿਆ ਜਾਂਦਾ ਹੈ। ਪਿ੍ਰੰਸੀਪਲ ਡਾ: ਜੋਤੀ ਗੁਪਤਾ ਨੇ ਕਿਹਾ ਕਿ 18 ਸਾਲ ਤੋਂ ਉਪਰ ਦੇ ਨੌਜਵਾਨਾਂ ਲਈ ਵੋਟਿੰਗ ਬਹੁਤ ਜ਼ਰੂਰੀ ਹੈ। ਸਾਨੂੰ ਕਦੇ ਵੀ ਆਪਣਾ ਵੋਟ ਦਾ ਹੱਕ ਨਹੀਂ ਵੇਚਣਾ ਚਾਹੀਦਾ। ਲੋਕਤੰਤਰੀ ਦੇਸ਼ ਵਿੱਚ ਸਰਕਾਰ ਬਣਾਉਣ ਵਿੱਚ ਹਰ ਵੋਟਰ ਦੀ ਬਹੁਤ ਅਹਿਮ ਭੂਮਿਕਾ ਹੁੰਦੀ ਹੈ। ਇਸ ਫਰਜ਼ ਨੂੰ ਨਿਭਾ ਕੇ ਨੌਜਵਾਨ ਤੋਂ ਲੈ ਕੇ ਬਜ਼ੁਰਗ ਤੱਕ ਵੋਟਰ ਦੇਸ਼ ਦੇ ਵਿਕਾਸ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ। ਵੋਟਾਂ ਵਾਲੇ ਦਿਨ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਾਪਿਆਂ ਅਤੇ ਆਲੇ-ਦੁਆਲੇ ਦੇ ਲੋਕਾਂ ਨੂੰ ਵੋਟ ਬਣਾਉਣ ਲਈ ਜਾਗਰੂਕ ਕਰਨ।




# ਸ੍ਰੀ ਮਦ ਭਾਗਵਤ ਕਥਾ ਵਿਚ ਇਲਾਕਾ ਨਿਵਾਸੀਆਂ ਨੇ ਵੱਧ ਚੜ੍ਹ ਕੇ ਭਰੀ ਹਾਜ਼ਰੀ



**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ**

ਸ੍ਰੀ ਰਾਮ ਬਾਲਾ ਜੀ ਮੰਦਰ (ਰਜਿ) ਨਿਓ ਅੰਬੇਦਕਰ ਨਗਰ,33ਫੁਟਾ ਰੋੜ ਗਿਆਸਪੁਰਾ ਵਿਖੇ ਪ੍ਰਧਾਨ ਮਨੋਹਰ ਨਾਥ ਰਾਏ ਦੀ ਅਗਵਾਈ ਹੇਠ ਸ੍ਰੀ ਮਦ ਭਗਵਤ ਕਥਾ ਦਾ ਆਯੋਜਨ ਕੀਤਾ ਗਿਆ ਇਸ ਮੌਕੇ ਤੇ ਪ੍ਰਧਾਨ ਮਨੋਹਰ ਨਾਥ ਨੇਦੱਸਿਆ ਕਿ ਸ੍ਰੀ ਮਦ ਭਾਗਵਤ ਕਥਾ ਦਾ ਅੱਜ ਦੂਜਾ ਦਿਨ ਹੈ ਜਿਸ ਵਿੱਚ ਸਮੂਹ ਨਗਰ ਨਿਵਾਸੀਆਂ ਨੇ ਆ ਕੇ ਆਪਣੀ ਹਾਜ਼ਰੀ ਭਰੀ ਉਨ੍ਹਾਂ ਇਹ ਵੀ ਦੱਸਿਆ ਕਿ ਇਹ ਭਗਵਤ ਕਥਾ 29 ਜਨਵਰੀ ਤੋਂ ਸ਼ੁਰੂ ਹੋ ਕੇ 5 ਫਰਵਰੀ ਤੱਕ ਚੱਲੇਗੀ ਜਿਸ ਦਾ ਸਮਾਂ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਰਹੇਗਾ ਅਤੇ ਇਸ ਕਥਾ ਵਿੱਚ ਮੁੱਖ ਮਹਿਮਾਨ ਵਜੋਂ ਨਿਰਮਲ ਸਿੰਘ ਐਸ ਐਸ,ਰਜਿੰਦਰਪਾਲ ਕੌਰ ਛੀਨਾ ਆਮ ਆਦਮੀ ਪਾਰਟੀ ਵਿਧਾਇਕ,ਰਜਨੀਸ਼ ਧੀਮਾਨ ਆਦਿ ਸ਼ਾਮਲ ਹੋਣਗੇ ਇਸ ਮੌਕੇ ਤੇ ਪ੍ਰਭਾ ਸੰਕਰ ਤਿਵਾੜੀ,ਵਰਿੰਦਰ ਸ਼ੁਕਲਾ ਕੈਸ਼ੀਅਰ,ਗਨਸ਼ਾਮ ਠਾਕੁਰ,ਜਵਾਹਰ ਲਾਲ ਮੋਹਿਆਂ,ਨਿੱਕੂ ਪਾਂਡੇ,ਰਜੇਸ਼ ਪਾਂਡੇ,ਦਿਨੇਸ਼ ਤਿਵਾੜੀ ਆਦਿ ਹਾਜ਼ਰ ਸਨ

# ਜਨਮਦਿਨ ਮੁਬਾਰਕ



ਨਾਮ - ਨਿਮਰਤ ਕੌਰ ਬਰਾੜ



ਏਕਮ ਦੁੱਗਲ

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖ਼ਬਰਾਂ ਪ੍ਰਤੀ ਜੁਮੇਵਾਰੀ ਸੰਬਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਕਰੀਅਰ ਦਾ ਚੁਣਨਾ



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ
ਕਾਲਮਨਵੀਸ ਮਲੋਟ ਪੰਜਾਬ

**ਕਰੀਅਰ** ਦੀ ਚੋਣ ਕਰਨਾ ਅੱਜ ਇਤਿਹਾਸ ਵਿੱਚ ਕਿਸੇ ਵੀ ਸਮੇਂ ਨਾਲੋਂ ਵਧੇਰੇ ਮੁਸ਼ਕਲ ਹੋ ਗਿਆ ਹੈ, ਕਈ ਕਾਰਨਾਂ ਕਰਕੇ, ਮੁੱਖ ਤੌਰ 'ਤੇ ਇਹ ਹੈ ਕਿ ਚੁਣਨ ਲਈ ਬੇਅੰਤ ਬਹੁਤ ਕੁਝ ਹੈ, ਕਰੀਅਰ ਦੀਆਂ ਪਰਿਭਾਸ਼ਾਵਾਂ ਵਧੇਰੇ ਤਰਲ ਅਤੇ ਬਦਲਦੀਆਂ ਹਨ ਅਤੇ ਰੁਜ਼ਗਾਰਦਾਤਾਵਾਂ ਤੋਂ ਉੱਚ ਪੱਧਰੀ ਉਮੀਦਾਂ ਹਨ। ਗਲਤ ਨੌਕਰੀ ਦੀ ਚੋਣ ਅਤੇ ਹੋਰ ਕਈ ਕਾਰਨਾਂ ਕਰਕੇ ਅੱਜ ਬਹੁਤੇ ਮਰਦਾਂ ਅਤੇ ਔਰਤਾਂ ਦੁਆਰਾ ਵਰਕਫੋਰਸ ਵਿੱਚ ਦਾਖਲ ਹੋਣ ਦੁਆਰਾ ਅਕਸਰ ਨੌਕਰੀ ਬਦਲਣ ਦਾ ਰੁਝਾਨ ਵਧ ਰਿਹਾ ਹੈ। ਕੈਰੀਅਰ ਦੀ ਚੋਣ ਕਰਨਾ ਸਭ ਤੋਂ ਵਧੀਆ ਸਮੇਂ ਵਿੱਚ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ ਜਦੋਂ ਦੋਸਤਾਂ ਅਤੇ ਮਾਪਿਆਂ ਦੇ ਵਿਚਾਰ ਤੁਹਾਨੂੰ ਇੱਕ ਉਲਝਣ ਵਾਲੀ ਸਥਿਤੀ ਵਿੱਚ ਫਸਾਉਂਦੇ ਹਨ ਜਿੱਥੇ ਫੈਸਲਾ ਲੈਣਾ ਲਗਭਗ ਅਸੰਭਵ ਹੁੰਦਾ ਹੈ। ਆਪਣੇ ਡਿਗਰੀ ਕੋਰਸ ਦਾ ਪਿੱਛਾ ਕਰਦੇ ਹੋਏ, ਬਹੁਤ ਸਾਰੇ ਵਿਦਿਆਰਥੀਆਂ ਕੋਲ ਕੈਰੀਅਰ ਦੀ ਯੋਜਨਾਬੰਦੀ ਵਿੱਚ ਖਰਚ ਕਰਨ ਲਈ ਜ਼ਿਆਦਾ ਸਮਾਂ ਨਹੀਂ ਹੁੰਦਾ ਹੈ। ਸਾਡੇ ਵਿੱਚੋਂ ਕੁਝ ਕੈਰੀਅਰ ਦੀ ਯੋਜਨਾ ਬਣਾਉਣ ਦੀ ਜ਼ਰੂਰਤ ਮਹਿਸੂਸ ਨਹੀਂ ਕਰਦੇ ਕਿਉਂਕਿ ਇਸਨੂੰ ਸਮੇਂ ਦੀ ਬਰਬਾਦੀ ਮੰਨਿਆ ਜਾਂਦਾ ਹੈ ਜਾਂ ਇਹ ਉੱਚ ਅਭਿਲਾਸ਼ਾਵਾਂ ਵਾਲੇ ਲੋਕਾਂ ਲਈ ਹੈ ਜਾਂ ਅਸੀਂ ਸੋਚਦੇ ਹਾਂ ਕਿ ਅਸੀਂ ਕੈਰੀਅਰ ਦੀ ਯੋਜਨਾ ਬਣਾਉਣ ਲਈ ਬਹੁਤ ਉੱਤਮ ਹਾਂ। ਅਜਿਹਾ ਵੀ ਹੁੰਦਾ ਹੈ ਕਿ ਅਸੀਂ ਪੜ੍ਹਾਈ ਦੀ ਫੀਸ ਦਾ ਭੁਗਤਾਨ ਕਰਨ ਲਈ ਪੈਸੇ ਕਮਾਉਣ ਲਈ ਕੰਮ ਵਿੱਚ ਬਹੁਤ ਰੁੱਝੇ ਹੋਏ ਹਾਂ ਜਾਂ ਸਾਡੇ ਵਿੱਚੋਂ ਕੁਝ ਕੈਰੀਅਰ ਦੀ ਖ਼ਾਤਰ ਇਹ ਵਾਧੂ ਕੋਸ਼ਿਸ਼ ਕਰਨ ਵਿੱਚ ਆਲਸੀ ਹਨ। ਸਹੀ ਕੈਰੀਅਰ ਦੀ ਚੋਣ ਕਿਵੇਂ ਕਰੀਏ? ਨੌਜਵਾਨ ਪੀੜ੍ਹੀ ਨੂੰ ਕੈਰੀਅਰ ਚੁਣਨ, ਇਸ ਲਈ ਲੋੜੀਂਦੀ ਯੋਗਤਾ ਹਾਸਲ ਕਰਨ, ਫੈਸਲੇ ਲੈਣ, ਟੀਚੇ ਨਿਰਧਾਰਤ ਕਰਨ ਅਤੇ ਫਿਰ ਕਾਰਵਾਈ ਕਰਨ ਦੀ ਲੋੜ ਹੈ। ਕਰੀਅਰ ਦੀ ਚੋਣ ਦੀ ਪ੍ਰਕਿਰਿਆ ਇੱਕ ਬਹੁ-ਪੜਾਵੀ ਹੈ। ਇਸ ਲਈ ਕਈ ਚੀਜ਼ਾਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ। ਤੁਹਾਨੂੰ ਆਪਣੇ ਬਾਰੇ ਇੱਕ ਸਵੈ-ਪ੍ਰਤੀਬਿੰਬ ਦੀ ਲੋੜ ਹੈ। ਨਿੱਜੀ ਕਦਰਾਂ-ਕੀਮਤਾਂ, ਰੁਚੀਆਂ, ਯੋਗਤਾਵਾਂ, ਕਾਬਲੀਅਤਾਂ, ਨਿੱਜੀ ਗੁਣਾਂ ਅਤੇ ਲੋੜੀਂਦੀ ਜੀਵਨਸ਼ੈਲੀ ਸਮੇਤ ਆਪਣੇ ਆਪ ਦੀ ਸਮਝ ਦਾ ਵਿਕਾਸ ਕਰਨਾ। ਅਜਿਹੀ ਸ਼ੁੱਧਤਾ ਇੱਕ ਸ਼ੁਰੂਆਤੀ ਸ਼ੁਰੂਆਤ ਲਈ ਮਹੱਤਵਪੂਰਨ ਹੈ ਜੋ ਇੱਕ ਸੰਭਾਵੀ ਕੈਰੀਅਰ ਲਈ ਇੱਕ ਮਜ਼ਬੂਤ ? ?ਬੁਨਿਆਦ ਦਾ ਆਧਾਰ ਹੈ। ਅਕਸਰ ਕਰੀਅਰ ਦੀ ਗਲਤ ਚੋਣ ਜਾਂ ਤਾਂ ਮਾਰਗਦਰਸ਼ਨ ਦੀ ਘਾਟ ਕਾਰਨ ਜਾਂ ਮਾੜੀ ਚੋਣ ਕਾਰਨ ਨਿਰਾਸ਼ਾ ਅਤੇ ਤਣਾਅ ਨਾਲ ਸਬੰਧਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਕਈ ਵਾਰ ਲੋਕ ਗ੍ਰੈਜੂਏਸ਼ਨ ਜਾਂ ਸਕੂਲ ਦੀ ਪੜ੍ਹਾਈ ਤੋਂ ਬਾਅਦ ਉਨ੍ਹਾਂ ਨੂੰ ਕੀਤੀ ਗਈ ਪਹਿਲੀ ਪੇਸ਼ਕਸ਼ 'ਤੇ ਉਨ੍ਹਾਂ ਦੀ ਉਤਸੁਕਤਾ ਦੇ ਪ੍ਰਭਾਵਾਂ ਨੂੰ ਮਹਿਸੂਸ ਕੀਤੇ ਬਿਨਾਂ ਛਾਲ ਮਾਰ ਦਿੰਦੇ ਹਨ। ਇਹ ਕੁਝ ਦਿਨਾਂ ਦੇ ਕੰਮ ਤੋਂ ਬਾਅਦ ਹੈ ਕਿ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਨੂੰ ਵਧੀਆ ਨੌਕਰੀ ਮਿਲ ਸਕਦੀ ਸੀ ਜਾਂ ਉਨ੍ਹਾਂ ਨੇ ਗਲਤ ਫੈਸਲਾ ਕੀਤਾ ਸੀ। ਨਾਲ ਹੀ ਕਈ ਵਾਰ ਅਜਿਹਾ ਹੁੰਦਾ ਹੈ ਕਿ ਲੋਕ ਸਿਰਫ ਨੌਕਰੀ ਕਰਨਾ ਚਾਹੁੰਦੇ ਹਨ ਜੋ ਵੀ ਹੋਵੇ ਕਿਉਂਕਿ ਉਹ ਹੁਣ ਪੜ੍ਹਾਈ ਨਹੀਂ ਕਰਨਾ ਚਾਹੁੰਦੇ ਹਨ। ਇਹ ਰਵੱਈਆ ਉਹਨਾਂ ਲਈ ਨੁਕਸਾਨਦਾਇਕ ਹੈ ਕਿਉਂਕਿ ਅੱਗੇ ਦੀ ਪੜ੍ਹਾਈ ਉਹਨਾਂ ਦੀ ਵਧੀਆ ਨੌਕਰੀ ਦੀਆਂ ਸੰਭਾਵਨਾਵਾਂ ਨੂੰ ਵਧਾਏਗੀ। ਇਸ ਲਈ ਕੈਰੀਅਰ ਦੀ ਚੋਣ ਕਰਦੇ ਸਮੇਂ ਬਹੁਤ ਸਪੱਸ਼ਟ ਅਤੇ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ। ਸਵੈ ਮੁਲਾਂਕਣ: ਤੁਹਾਡੇ ਲਈ ਅਸਲ ਵਿੱਚ ਕੀ ਮਹੱਤਵਪੂਰਨ ਹੈ? ਕਰੀਅਰ ਦੀ ਚੋਣ ਵਿੱਚ ਮੁੱਖ ਤੱਤਾਂ ਵਿੱਚੋਂ ਇੱਕ ਮੁੱਲ ਹੈ। ਤੁਹਾਡੀਆਂ ਕਦਰਾਂ-ਕੀਮਤਾਂ ਤੁਹਾਡੇ ਦੁਆਰਾ ਕੀਤੀਆਂ ਗਈਆਂ ਸਾਰੀਆਂ ਚੀਜ਼ਾਂ ਦਾ ਭਾਵਨਾਤਮਕ ਆਧਾਰ ਹਨ। ਇੱਕ ਸੰਤੁਸ਼ਟੀਜਨਕ ਕੈਰੀਅਰ ਬਣਾਉਣ ਲਈ ਇੱਕ ਵਿਅਕਤੀ ਨੂੰ ਆਪਣੇ ਨਿੱਜੀ ਮੁੱਲਾਂ ਅਤੇ ਉਹਨਾਂ ਦੁਆਰਾ ਕੀਤੇ ਜਾ ਰਹੇ ਕੰਮ ਵਿਚਕਾਰ ਉੱਚ ਪੱਤਰ-ਵਿਹਾਰ ਦੀ ਲੋੜ ਹੁੰਦੀ ਹੈ। ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਲਈ, ਤੁਹਾਨੂੰ ਆਪਣੇ ਮੁੱਲਾਂ ਨੂੰ ਛਾਂਟਣ ਦੀ ਲੋੜ ਹੈ ਅਤੇ ਉਹਨਾਂ ਨੂੰ ਜਿੰਨਾ ਤੁਸੀਂ ਕਰ ਸਕਦੇ ਹੋ ਸਪਸ਼ਟ ਅਤੇ ਸਹੀ ਢੰਗ ਨਾਲ ਲਿਖੋ। ਆਪਣੇ ਹੁਨਰ ਅਤੇ ਪ੍ਰਤਿਭਾ ਨੂੰ ਜਾਣੋ: ਇੱਕ ਹੁਨਰ ਕੁਝ ਕਰਨ ਦੀ ਤੁਹਾਡੀ ਯੋਗਤਾ ਹੈ। ਇੱਕ ਪ੍ਰਤਿਭਾ ਇੱਕ ਯੋਗਤਾ ਹੈ ਜਿਸ ਨਾਲ ਤੁਸੀਂ ਪੈਦਾ ਹੋਏ ਹੋ ਜਾਂ ਕੁਝ ਅਜਿਹਾ ਹੈ ਜੋ ਤੁਹਾਡੇ ਲਈ ਕੁਦਰਤੀ ਤੌਰ 'ਤੇ ਆਉਂਦਾ ਹੈ। ਦੋਵਾਂ ਵਿਚਲੇ ਅੰਤਰ ਨੂੰ ਪਛਾਣਨਾ ਬਹੁਤ ਜ਼ਰੂਰੀ ਹੈ। ਹੋ ਸਕਦਾ ਹੈ ਕਿ ਤੁਸੀਂ ਕਿਸੇ ਚੀਜ਼ ਵਿੱਚ ਨਿਪੁੰਨ ਹੋਵੋ ਅਤੇ ਫਿਰ ਵੀ ਇਸਨੂੰ ਦਿਲਚਸਪ ਨਾ ਲੱਗੇ। ਇਸਦਾ ਮਤਲਬ ਇਹ ਹੈ ਕਿ ਤੁਸੀਂ ਜੋ ਕੁਝ ਕਰਨਾ ਸਿਖਾਇਆ ਗਿਆ ਹੈ ਉਸ ਨਾਲੋਂ ਤੁਸੀਂ ਕੁਦਰਤੀ ਤੌਰ 'ਤੇ ਚੰਗੀ ਤਰ੍ਹਾਂ ਕਰਨ ਦਾ ਅਨੰਦ ਲੈਣ ਲਈ ਵਧੇਰੇ ਯੋਗ ਹੋ। ਆਪਣੀਆਂ ਤਰਜੀਹਾਂ ਦਾ ਪਤਾ ਲਗਾਓ: ਸਾਡੇ ਸਾਰਿਆਂ ਕੋਲ ਸੰਸਾਰ ਪ੍ਰਤੀ ਇੱਕ ਖਾਸ ਪਹੁੰਚ ਹੈ ਜੋ ਕੁਝ ਨਿੱਜੀ ਤਰਜੀਹਾਂ 'ਤੇ ਅਧਾਰਤ ਹੈ- ਅਸੀਂ ਦੂਜਿਆਂ ਨੂੰ ਕਿਵੇਂ ਸਮਝਦੇ ਹਾਂ, ਅਸੀਂ ਕਿਵੇਂ ਸੋਚਦੇ ਹਾਂ ਅਤੇ ਫੈਸਲੇ ਲੈਂਦੇ ਹਾਂ, ਕੀ ਅਸੀਂ ਲੋਕਾਂ ਨਾਲੋਂ ਸੰਕਲਪਾਂ ਨੂੰ ਤਰਜੀਹ ਦਿੰਦੇ ਹਾਂ ਜਾਂ ਇਸਦੇ ਉਲਟ, ਅਤੇ ਅਸੀਂ ਕਿਸ ਹੱਦ ਤੱਕ ਹਾਂ। ਸਾਡੇ ਜੀਵਨ ਵਿੱਚ ਅਨਿਸ਼ਚਿਤਤਾ ਦੇ ਨਾਲ ਆਰਾਮਦਾਇਕ. ਤੁਹਾਡੇ ਵਿੱਚੋਂ ਬਹੁਤ ਸਾਰੇ ਲਈ, ਇਹ ਤਰਜੀਹਾਂਅਵਚੇਤਨ ਪੱਧਰ 'ਤੇ ਕੰਮ ਕਰਦੇ ਹਨ ਪਰ ਉਹ ਦੂਜਿਆਂ ਨਾਲ ਸਾਡੇ ਕੰਮ ਕਰਨ ਦੇ ਤਰੀਕੇ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਕੁਝ ਸਵਾਲ ਤੁਹਾਨੂੰ ਆਪਣੇ ਆਪ ਤੋਂ ਪੁੱਛਣ ਦੀ ਲੋੜ ਹੈ। ਕੀ ਤੁਸੀਂ ਬਹੁਤ ਅਨੁਭਵੀ ਹੋ? ਕੀ ਤੁਸੀਂ ਬਾਹਰ ਜਾ ਰਹੇ ਹੋ ਜਾਂ ਰਾਖਵੇਂ ਹੋ? ਕੀ ਤੁਹਾਡੇ ਫੈਸਲੇ ਮੁੱਖ ਤੌਰ 'ਤੇ ਤੱਥਾਂ ਜਾਂ ਭਾਵਨਾਵਾਂ 'ਤੇ ਅਧਾਰਤ ਹਨ? ਇਹਨਾਂ ਸਵਾਲਾਂ ਦੇ ਤੁਹਾਡੇ ਜਵਾਬ ਤੁਹਾਨੂੰ ਕੰਮ ਦੀਆਂ ਕਿਸਮਾਂ ਬਾਰੇ ਬਹੁਤ ਕੁਝ ਦੱਸ ਸਕਦੇ ਹਨ ਜੋ ਤੁਹਾਨੂੰ ਦਿਲਚਸਪ ਅਤੇ ਚੁਣੌਤੀਪੂਰਨ ਲੱਗੇਗਾ ਪ੍ਰਯੋਗ: ਵਧੇਰੇ ਅਨੁਭਵ, ਇਹ ਉੰਨਾ ਹੀ ਵਧੀਆ ਹੈ। ਤਜਰਬਾ ਵੀ ਤਜਰਬੇ ਤੋਂ ਹੀ ਮਿਲਦਾ ਹੈ। ਹਰ ਕਰੀਅਰ ਅੰਦਰੋਂ ਬਾਹਰੋਂ ਵੱਖਰਾ ਹੁੰਦਾ ਹੈ। ਜਦੋਂ ਬਜ਼ਾਰ ਵਿੱਚ ਨਵੀਂ ਨੌਕਰੀ ਦੀ ਭਾਲ ਵਿੱਚ ਹੋਵੇ ਜਾਂ ਕਰੀਅਰ ਵਿੱਚ ਤਬਦੀਲੀ ਤੁਹਾਡੇ ਦਿਮਾਗ ਵਿੱਚ ਹੋਵੇ, ਤਾਂ ਤੁਹਾਨੂੰ ਬਾਹਰ ਜਾਣ ਅਤੇ ਉਹਨਾਂ ਲੋਕਾਂ ਨਾਲ ਗੱਲ ਕਰਨ ਦੀ ਜ਼ਰੂਰਤ ਹੁੰਦੀ ਹੈ ਜੋ ਅਸਲ ਵਿੱਚ ਇਹ ਕਰ ਰਹੇ ਹਨ। ਖੇਤਰ ਜਾਂ ਉਦਯੋਗ ਵਿੱਚ ਨੌਕਰੀ ਲਓ ਅਤੇ ਆਪਣੇ ਲਈ ਦੇਖੋ ਕਿ ਕੀ ਇਹ ਅਸਲ ਵਿੱਚ ਉਹੀ ਹੈ ਜੋ ਤੁਸੀਂ ਸੋਚਿਆ ਸੀ ਕਿ ਇਹ ਹੋਵੇਗਾ. ਅਤੇ ਕਿਸੇ ਇੱਕ ਅਥਾਰਟੀ ਜਾਂ ਕੰਮ ਦੇ ਤਜਰਬੇ 'ਤੇ ਭਰੋਸਾ ਨਾ ਕਰੋ। ਜਿੰਨਾ ਤਜਰਬਾ ਤੁਸੀਂ ਪ੍ਰਾਪਤ ਕਰ ਸਕਦੇ ਹੋ, ਭਾਵੇਂ ਇਹ ਕਿੰਨਾ ਛੋਟਾ ਕਿਉਂ ਨਾ ਹੋਵੇ। ਕਈ ਵਾਰ ਕਿਸੇ ਖਾਸ ਕਰੀਅਰ ਦੀ ਚੋਣ ਲਈ ਮਾਰਗਦਰਸ਼ਨ ਦੀ ਅਣਹੋਂਦ ਵਿੱਚ, ਤੁਸੀਂ ਕੰਮ ਦਾ ਤਜਰਬਾ ਹਾਸਲ ਕਰਨ ਲਈ ਵਲੰਟੀਅਰ ਕਰ ਸਕਦੇ ਹੋ। ਇਹ ਪਤਾ ਲਗਾਉਣਾ ਬਹੁਤ ਸੌਖਾ ਹੈ ਕਿ ਇਹ ਤੁਹਾਡੇ ਮੁੱਲਾਂ ਅਤੇ ਤਰਜੀਹਾਂ ਦੇ ਅਨੁਕੂਲ ਹੈ ਜਾਂ ਨਹੀਂ। ਇੱਕ ਵਿਆਪਕ ਦ੍ਰਿਸ਼ਟੀਕੋਣ ਰੱਖੋ: ਇੱਕ ਵਿਅਕਤੀ ਨੂੰ ਵੱਡੀ ਤਸਵੀਰ ਨੂੰ ਸਮਝਣ ਦੇ ਯੋਗ ਹੋਣ ਦੀ ਲੋੜ ਹੁੰਦੀ ਹੈ, ਜਦੋਂ ਕਿ, ਉਸੇ ਸਮੇਂ, ਇਸਦੇ ਕਈ ਹਿੱਸਿਆਂ ਵਿੱਚ ਮਾਹਰ ਬਣ ਜਾਂਦਾ ਹੈ। ਇੱਕ ਵਿਆਪਕ ਦ੍ਰਿਸ਼ਟੀਕੋਣ ਹੋਣ ਦਾ ਮਤਲਬ ਹੈ ਕਿ ਤੁਸੀਂ ਵੱਧ ਤੋਂ ਵੱਧ ਸਿੱਖ ਸਕਦੇ ਹੋ ਕਿ ਤੁਸੀਂ ਕਿਹੜੀਆਂ ਨੌਕਰੀਆਂ ਵਿੱਚ ਦਿਲਚਸਪੀ ਰੱਖਦੇ ਹੋ ਅਤੇ ਜਿਨ੍ਹਾਂ ਕਰੀਅਰਾਂ ਬਾਰੇ ਤੁਸੀਂ ਵਿਚਾਰ ਕਰ ਰਹੇ ਹੋ ਅਤੇ ਨਾ ਸਿਰਫ਼ ਤੁਹਾਡੇ ਦਿਲਚਸਪੀ ਵਾਲੇ ਖੇਤਰ ਵਿੱਚ ਸ਼ਾਮਲ ਲੋਕ ਵਰਤਮਾਨ ਵਿੱਚ ਕੀ ਕਰ ਰਹੇ ਹਨ, ਸਗੋਂ ਇਸ ਬਾਰੇ ਵੀ ਕਿ ਉਦਯੋਗ ਜਾਂ ਪੇਸ਼ੇ ਕਿੱਥੇ ਜਾ ਰਿਹਾ ਹੈ। ਤਜਰਬਾ ਤੁਹਾਡੀ ਪਹਿਲੀ ਨੌਕਰੀ ਵਿੱਚ ਪੈਸੇ ਨਾਲੋਂ ਵੱਧ ਗਿਣਦਾ ਹੈ: ਜ਼ਿਆਦਾਤਰ ਨਵੇਂ ਕਰਮਚਾਰੀਆਂ ਲਈ ਇਹ ਤਰਜੀਹਾਂ ਦਾ ਮਾਮਲਾ ਹੈ ਕਿ ਉਹ ਇਸ ਵਿੱਚ ਬਹੁਤ ਸਾਰੇ ਪੈਸੇ ਲਈ ਹਨ ਜਾਂ ਲੰਬੇ ਸਮੇਂ ਦੀ ਉੱਤਮਤਾ ਲਈ। ਕਈ ਮੌਕਿਆਂ ਨੂੰ ਅਕਾਰ ਦੇਣ ਦਾ ਇੱਕ ਵਧੀਆ ਤਰੀਕਾ ਹੈ ਆਪਣੇ ਆਪ ਤੋਂ ਪੁੱਛਣਾ: ÷ਮੈਂ ਜੋ ਵੀ ਕਰਦਾ ਹਾਂ ਉਸ ਵਿੱਚ ਕਿਹੜੀ ਸਥਿਤੀ ਮੈਨੂੰ ਸ਼ਾਨਦਾਰ ਬਣਨ ਦਾ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰੇਗੀ?÷ ਅਤੇ ਇਹ ਉਹ ਨਹੀਂ ਹੋ ਸਕਦਾ ਜੋ ਸਭ ਤੋਂ ਵੱਧ ਸ਼ੁਰੂਆਤੀ ਤਨਖਾਹ ਅਦਾ ਕਰਦਾ ਹੈ. ਵੱਧ ਤੋਂ ਵੱਧ ਵਚਨਬੱਧਤਾ ਲਈ ਟੀਚਾ: ਅੱਜ ਦੇ ਮਾਲਕਾਂ ਨੂੰ ਮਾਮੂਲੀ ਸਮਰਪਣ ਅਤੇ ਔਸਤ ਪ੍ਰਦਰਸ਼ਨ ਦੀ ਕੋਈ ਪਰਵਾਹ ਨਹੀਂ ਹੈ। ਕਟੌਤੀ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤੇ ਜਾਣ ਦੇ ਨਾਲ ਤੁਹਾਨੂੰ ਇਹ ਪਤਾ ਲਗਾਉਣ ਵਿੱਚ ਬਹੁਤ ਸਮਾਂ ਨਹੀਂ ਲੱਗੇਗਾ ਕਿ ਤੁਸੀਂ ਨੌਕਰੀ ਤੋਂ ਬਾਹਰ ਹੋ। ਇਸ ਲਈ ਇਕੋ ਇਕ ਸੁਰੱਖਿਆ ਹੈ ਵੱਧ ਤੋਂ ਵੱਧ ਪ੍ਰਤੀਬੱਧਤਾ. ਜੇ ਤੁਸੀਂ ਵੱਧ ਤੋਂ ਵੱਧ ਆਉਟਪੁੱਟ ਦੇਣ ਵਿੱਚ ਅਸਮਰੱਥ ਹੋ ਤਾਂ ਤੁਹਾਨੂੰ ਕੁਝ ਅਜਿਹਾ ਲੱਭਣ ਦੀ ਜ਼ਰੂਰਤ ਹੈ ਜਿਸ ਵਿੱਚ ਤੁਸੀਂ ਕਰ ਸਕਦੇ ਹੋ। ਆਮਦਨ ਅਧਾਰਤ ਜੀਵਨਸ਼ੈਲੀ ਬਨਾਮ ਉਮੀਦ ਅਧਾਰਤ ਜੀਵਨ ਸ਼ੈਲੀ: ਰੁਜ਼ਗਾਰਦਾਤਾ ਵਾਅਦੇ ਦੇਣ ਲਈ ਮਸ਼ਹੂਰ ਹਨ ਜਿਵੇਂ ਕਿ - ਦੋ ਸਾਲਾਂ ਵਿੱਚ, ਤੁਸੀਂ ਹਜ਼ਾਰਾਂ ਪੈਸੇ ਕਮਾ ਸਕਦੇ ਹੋ। ਅਤੇ ਬਹੁਤ ਸਾਰੇ ਨਵੇਂ ਪ੍ਰਵੇਸ਼ ਕਰਨ ਵਾਲੇ ਇਸ ਲਾਈਨ ਵਿੱਚ ਖਰੀਦਦੇ ਹਨ ਅਤੇ ਇਸ ਤਰ੍ਹਾਂ ਰਹਿਣਾ ਸ਼ੁਰੂ ਕਰਦੇ ਹਨ ਜਿਵੇਂ ਕਿ ਉਹ ਦੋ ਸਾਲਾਂ ਵਿੱਚ ਵਾਅਦਾ ਕੀਤੇ ਗਏ ਪੈਸੇ ਕਮਾ ਰਹੇ ਹਨ। ਇਸ ਲਈ ਤੁਹਾਨੂੰ ਆਪਣੀ ਜੀਵਨਸ਼ੈਲੀ ਨੂੰ ਇਸ ਤਰੀਕੇ ਨਾਲ ਢਾਂਚਾ ਬਣਾਉਣ ਲਈ, ਆਪਣੀ ਪਹਿਲੀ ਨੌਕਰੀ ਤੋਂ ਸ਼ੁਰੂ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਤੁਸੀਂ ਹਰੇਕ ਤਨਖਾਹ ਦਾ ਦਸ ਪ੍ਰਤੀਸ਼ਤ ਹਿੱਸਾ ਛੱਡ ਸਕੋ। ਜਲਦੀ ਸ਼ੁਰੂ ਕਰਨਾ ਅਤੇ ਨਿਯਮਿਤ ਅਤੇ ਸਮਝਦਾਰੀ ਨਾਲ ਨਿਵੇਸ਼ ਕਰਨਾ ਸ਼ਾਇਦ ਦੌਲਤ ਇਕੱਠੀ ਕਰਨ ਦੇ ਦੋ ਸਭ ਤੋਂ ਵੱਡੇ ਰਾਜ਼ ਹਨ। ਆਪਣੇ ਕਰੀਅਰ ਨੂੰ ਬਿਹਤਰ ਬਣਾਉਣ ਲਈ ਕੁਝ ਯਤਨ ਕਰੋ: ਤੁਹਾਨੂੰ ਆਪਣੇ ਕਰੀਅਰ ਵਿੱਚ ਹੋਰ ਸੁਧਾਰ ਕਰਨ ਲਈ ਕੁਝ ਸਮਾਂ ਲਗਾਉਣ ਦੀ ਜ਼ਰੂਰਤ ਹੈ। ਰੁਜ਼ਗਾਰਦਾਤਾ ਅੱਜ ਤੁਹਾਡੇ 'ਤੇ ਖਰਚ ਕੀਤੇ ਗਏ ਪੈਸੇ ਤੋਂ ਮਾਲੀਆ ਪੈਦਾ ਕਰਨ ਵਿੱਚ ਵਧੇਰੇ ਦਿਲਚਸਪੀ ਰੱਖਦੇ ਹਨ। ਤੁਹਾਡੇ ਕੈਰੀਅਰ ਨੂੰ ਵਧਾਉਣ ਲਈ, ਉਹਨਾਂ ਨੂੰ ਇੱਕ ਤਤਕਾਲ ਜਾਂ ਮੁਕਾਬਲਤਨ ਤੇਜ਼ੀ ਨਾਲ ਮਹਿੰਗਾ ਲਾਭ ਦੇਖਣ ਦੀ ਜ਼ਰੂਰਤ ਹੁੰਦੀ ਹੈ, ਜਾਂ ਜਦੋਂ ਉਹ ਅਸਾਧਾਰਣ ਸੰਭਾਵਨਾ ਦੇਖਦੇ ਹਨ। ਇਹਨਾਂ ਮਾਪਦੰਡਾਂ 'ਤੇ ਨਿਰਭਰ ਕਰਨਾ ਅਕਲਮੰਦੀ ਦੀ ਗੱਲ ਨਹੀਂ ਹੈ। ਆਪਣੇ ਆਪ ਨੂੰ ਅੱਗੇ ਰੱਖ ਕੇ ਅੱਗੇ ਵਧਣ ਲਈ ਸਮਰਪਿਤ ਕਰੋ, ਅਤੇ ਤੁਸੀਂ ਇੱਕ ਚੀਜ਼ ਨੂੰ ਨਿਯੰਤਰਿਤ ਕਰਕੇ ਅਜਿਹਾ ਕਰਦੇ ਹੋ ਜਿਸ ਨੂੰ ਤੁਸੀਂ ਨਿਯੰਤਰਿਤ ਕਰ ਸਕਦੇ ਹੋ: ਸਭ ਤੋਂ ਉੱਤਮ ਬਣਨ ਲਈ ਤੁਹਾਡਾ ਸਮਰਪਣ ਜੋ ਤੁਸੀਂ ਹੋ ਸਕਦੇ ਹੋ। ਅਨੁਕੂਲਤਾ: ਅਕਸਰ ਸਾਡੇ ਕੋਲ ਇੱਕ ਯੋਜਨਾ ਹੁੰਦੀ ਹੈ ਪਰ ਕੋਈ ਦਿਸ਼ਾ ਨਹੀਂ ਹੁੰਦੀ। ਪਰ ਸਾਡੇ ਵਿੱਚੋਂ ਬਹੁਤ ਘੱਟ ਕੋਲ ਦਿਸ਼ਾਵਾਂ ਹਨ ਅਤੇ ਕੋਈ ਯੋਜਨਾ ਨਹੀਂ ਹੈ। ਨਾਲ ਹੀ, ਸਾਡੇ ਕੋਲ ਨਹੀਂ ਹੈਇੱਕ ਬੈਕਅੱਪ ਯੋਜਨਾ ਜੇਕਰ ਕੁਝ ਉਸ ਅਨੁਸਾਰ ਨਹੀਂ ਚਲਦਾ ਹੈ। ਸਾਨੂੰ ਇਹ ਜਾਣਨ ਦੀ ਜ਼ਰੂਰਤ ਹੁੰਦੀ ਹੈ ਕਿ ਅਸੀਂ ਕਿੱਥੇ ਜਾਣਾ ਚਾਹੁੰਦੇ ਹਾਂ ਅਤੇ ਉੱਥੇ ਪਹੁੰਚਣ ਲਈ ਆਲੇ-ਦੁਆਲੇ ਘੁੰਮਣ, ਬੈਕਅੱਪ ਕਰਨ ਅਤੇ ਕੋਰਸ ਬਦਲਣ ਲਈ ਤਿਆਰ ਹਾਂ। ਭਾਵੇਂ ਅਸੀਂ ਇਸ ਦੀ ਯੋਜਨਾ ਨਹੀਂ ਬਣਾਈ ਹੈ ਜਾਂ ਆਪਣੇ ਲਈ ਕੋਈ ਟੀਚਾ ਨਿਰਧਾਰਤ ਨਹੀਂ ਕੀਤਾ ਹੈ। ਇਸ ਹੱਦ ਤੱਕ ਅਨੁਕੂਲ ਬਣੋ ਕਿ ਤੁਸੀਂ ਉਸ ਅਨੁਸਾਰ ਕੋਰਸ ਬਦਲ ਸਕਦੇ ਹੋ। ਪੂਰਨ ਨਿਸ਼ਚਤਤਾ, ਆਮ ਦਿਸ਼ਾ ਜਿਸ ਵੱਲ ਤੁਸੀਂ ਜਾ ਰਹੇ ਹੋ ਅਤੇ ਇਹ ਕਿ ਤੁਸੀਂ ਉੱਥੇ ਪ੍ਰਾਪਤ ਕਰੋਗੇ, ਤੁਹਾਨੂੰ ਸਹੀ ਕੈਰੀਅਰ ਬਣਾਉਣ ਦੀ ਲੋੜ ਹੈ।

## ਪੰਜਾਬ ਸਰਕਾਰ ਵਲੋਂ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਖ਼ਤੀ ਦੇ ਆਦੇਸ਼

**ਸੰਗਰੂਰ/ਲੋਕ ਬਾਣੀ**

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਸਪੱਸ਼ਟ ਦਿਸ਼ਾ ਨਿਰਦੇਸ਼ ਦਿੱਤੇ ਹਨ ਕਿ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਨਿਯਮਾਂ ਮੁਤਾਬਕ ਬਣਦੀ ਕਾਨੂੰਨੀ ਕਾਰਵਾਈ ਵਿੱਚ ਕਿਸੇ ਵੀ ਤਰਾਂ ਦੀ ਕੋਈ ਢਿੱਲ ਨਾ ਵਰਤੀ ਜਾਵੇ। ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲਾ ਸੜਕ ਸੁਰੱਖਿਆ ਕਮੇਟੀ ਤੇ ਸੇਫ਼ ਸਕੂਲ ਵਾਹਨ ਪਾਲਸੀ ਤਹਿਤ ਵੱਖ-ਵੱਖ ਨੁਕਤਿਆਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੜਕ 'ਤੇ ਚੱਲਣ ਵਾਲੇ ਰਾਹਗੀਰਾਂ ਦੀ ਜਾਨ ਮਾਲ ਦੀ ਰਾਖੀ ਲਈ ਬਣੇ ਕਾਨੂੰਨਾਂ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ ਅਤੇ ਜੇਕਰ ਕੋਈ ਵੀ ਵਾਹਨ ਚਾਲਕ ਇਨਾਂ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਕਾਰਵਾਈ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਕੋਈ ਚਾਲਕ ਰਾਸ਼ਟਰੀ ਜਾਂ ਰਾਜ ਮਾਰਗ 'ਤੇ ਤੇਜ਼ ਰਫ਼ਤਾਰ ਵਾਹਨ ਚਲਾਉਂਦਾ ਹੈ ਜਾਂ ਓਵਰਲੋਡ, ਓਵਰਹਾਈਟ ਜਾਂ ਆਵਾਜ਼ ਪ੍ਰਦੂਸ਼ਣ ਆਦਿ ਨਾਲ ਨਿਯਮ ਤੋੜਦਾ ਹੈ ਤਾਂ ਉਹ ਯਕੀਨੀ ਤੌਰ 'ਤੇ ਸਜ਼ਾ ਦਾ ਹੱਕਦਾਰ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਪ ਮੰਡਲ ਮੈਜਿਸਟਰੇਟ ਸਕੂਲੀ ਵਾਹਨਾਂ ਦੀ ਨਿਰੰਤਰ ਜਾਂਚ ਪੜਤਾਲ ਨੂੰ ਯਕੀਨੀ ਬਣਾਉਣ ਅਤੇ ਹਰ ਪੱਖ ਤੋਂ ਸਕੂਲੀ ਵਾਹਨਾਂ ਨੂੰ ਦਰੁਸਤ ਕਰਵਾਉਣ ਲਈ ਸਮੇਂ-ਸਮੇਂ 'ਤੇ ਸਕੂਲ ਪ੍ਰਬੰਧਕਾਂ ਨੂੰ ਜਾਣੂ ਕਰਵਾਇਆ ਜਾਵੇ ਅਤੇ ਜੇਕਰ ਕੋਈ ਸਕੂਲ ਪ੍ਰਬੰਧਕ ਅਣਗਹਿਲੀ ਕਰਦਾ ਪਾਇਆ ਜਾਵੇ ਤਾਂ ਨਿਯਮ ਮੁਤਾਬਕ ਸਕੂਲ ਵਾਹਨ ਨੂੰ ਜ਼ਬਤ ਕਰਦੇ ਹੋਏ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜੋਰਵਾਲ ਨੇ ਐਸਡੀਐਮਜ਼, ਸਕੱਤਰ ਆਰ.ਟੀ.ਏ , ਮੋਟਰ ਵਹੀਕਲ ਇੰਸਪੈਕਟਰ, ਜ਼ਿਲਾ ਬਾਲ ਸੁਰੱਖਿਆ ਅਧਿਕਾਰੀ ਅਤੇ ਟਰੈਫਿਕ ਪੁਲਿਸ ਦੇ ਅਧਿਕਾਰੀਆਂ ਨੂੰ ਵੀ ਅਜਿਹੀ ਚੈਕਿੰਗ ਲਈ ਨਿਰੰਤਰ ਸਰਗਰਮ ਰਹਿਣ ਦੀ ਹਦਾਇਤ ਕੀਤੀ ਤਾਂ ਜੋ ਸੇਫ਼ ਸਕੂਲ ਵਾਹਨ ਪਾਲਸੀ ਨੂੰ ਜ਼ਿਲਾ ਸੰਗਰੂਰ ਵਿੱਚ ਸਫ਼ਲਤਾ ਨਾਲ ਲਾਗੂ ਕੀਤਾ ਜਾ ਸਕੇ। ਉਨਾਂ ਕਿਹਾ ਕਿ ਸਕੂਲੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇ।

## ਠੇਕਾ ਮੁਲਾਜ਼ਮਾਂ ਵੱਲੋਂ ਸਰਕਾਰ ਨੂੰ ਲਾਹਨਤਾਂ; ਤੇਰਾ ਲਾਰਿਆਂ 'ਚ ਲੰਘਿਆਂ ਸਾਲ ਵੇ, ਨਾ ਬਹੁੜੀ ਵਾਅਦੇ ਪੂਰੇ ਕਰਨ ਆਲੀ ਸਰਕਾਰ ਵੇ

**ਬਠਿੰਡਾ/ਲੋਕ ਬਾਣੀ**

ਠੇਕਾ ਮੁਲਾਜ਼ਮਾਂ ਨੇ ਆਪਣਾ ਦਰਦ ਬਿਆਨਦੇ ਹੋਏ ਦੱਸਿਆ ਕਿ, ਇੱਕ ਸਾਲ ਹੋ ਗਿਆ ਮਾਨ ਸਰਕਾਰ ਨੂੰ ਸੱਤਾ ਵਿਚ ਆਇਆ ਨੂੰ, ਪਰ ਹੁਣ ਤੱਕ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਕੋਈ ਤਿਆਰੀ ਸਰਕਾਰ ਨੇ ਨਹੀਂ ਕੀਤੀ। ਜਦੋਂਕਿ ਮਾਨ ਸਰਕਾਰ ਨੇ ਪਹਿਲੀ ਕੈਬਨਿਟ ਮੀਟਿੰਗ ਵਿਚ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ। ਇੱਕ ਠੇਕਾ ਮੁਲਾਜ਼ਮ ਨੇ ਸਰਕਾਰ ਨੂੰ ਲਾਹਨਤਾਂ ਪਾਉਂਦੇ ਹੋਏ ਕਿਹਾ ਕਿ, ਤੇਰਾ ਲਾਰਿਆਂ 'ਚ ਲੰਘਿਆਂ ਸਾਲ ਵੇ, ਨਾ ਬਹੁੜੀ ਵਾਅਦਿਆਂ ਵਾਲੀ ਸਰਕਾਰ ਵੇ! ਠੇਕਾ ਮੁਲਾਜਮ ਸੰਘਰਸ਼ ਮੋਰਚਾ (ਪੰਜਾਬ) ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ, ਬਲਿਹਾਰ ਸਿੰਘ, ਗੁਰਵਿੰਦਰ ਸਿੰਘ ਪੰਨੂੰ, ਸ਼ੇਰ ਸਿੰਘ ਖੰਨਾ, ਪਵਨਦੀਪ ਸਿੰਘ, ਸਿਮਰਨਜੀਤ ਸਿੰਘ ਨੀਲੋਂ, ਸੁਰਿੰਦਰ ਕੁਮਾਰ, ਜਸਪ੍ਰੀਤ ਸਿੰਘ ਗਗਨ, ਰਮਨਪ੍ਰੀਤ ਕੌਰ ਮਾਨ ਆਦਿ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਆਊਟਸੋਰਸ਼ਡ ਅਤੇ ਇਨਲਿਸਟਮੈਂਟ ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦੇ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ।

ਜਦੋਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਕਸਰ ਆਪਣੀਆਂ ਸਟੇਜਾਂ ਤੋਂ ਆਪਣੇ ਬਿਆਨਾਂ ਰਾਹੀਂ ਆਊਟਸੋਰਸ਼ਡ ਠੇਕਾ ਮੁਲਾਜਮਾਂ ਨੂੰ ਜਲਦ ਰੈਗੂਲਰ ਕਰਨ ਦਾਅਵੇ ਕਰ ਰਹੇ ਹਨ। ਪਰ ਅਸਲੀਅਤ ਵਿੱਚ ਮੌਜੂਦਾ ਸਰਕਾਰ ਪਿਛਲੀਆਂ ਸਰਕਾਰਾਂ ਦੀ ਤਰਾਂ ਸਿਰਫ਼ ਤੇ ਸਿਰਫ਼ ਲਾਰੇ-ਲੱਪੇ ਲਗਾਕੇ ਡੰਗ ਟਪਾਈ ਕਰ ਰਹੀ ਹੈ ਅਤੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦਾ ਰਾਹ ਪੱਧਰਾ ਕਰਨ ਲਈ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰ ਰਹੀ ਹੈ। ਜਿਸਦੇ ਕਾਰਨ ਹੀ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਸਾਲਾਂਬੱਧੀ ਅਰਸ਼ੇ ਤੋਂ ਸੇਵਾਵਾਂ ਦੇ ਰਹੇ ਆਊਟਸੋਰਸ਼ਡ/ਇਨਲਿਸਟਮੈਂਟ ਠੇਕਾ ਮੁਲਾਜਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ ਅਤੇ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਨਾਲ਼ ਲੱਗਭੱਗ 10 ਵਾਰ ਲਿਖਤੀ ਰੂਪ ਵਿੱਚ ਮੀਟਿੰਗਾਂ ਦਾ ਸਮਾਂ ਤੈਅ ਕਰਕੇ ਪੰਜਾਬ ਸਰਕਾਰ ਮੀਟਿੰਗਾਂ ਕਰਨ ਤੋਂ ਲਗਾਤਾਰ ਭੱਜ ਰਹੀ ਹੈ।